# ਅੰਮ੍ਰਿਤੁ ਕੀਰਤਨ

ਈ-ਮੈਗਜ਼ੀਨ | e-Magazine

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥

In Bhaadon, the young woman is confused by doubt;
later, she regrets and repents.

ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥

The lakes and fields are overflowing with water;
the rainy season has come - the time to celebrate!

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥

In the dark of night it rains; how can the young bride find peace?
The frogs and peacocks send out their noisy calls.

ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥

Pri-o! Pri-o! Beloved! Beloved! cries the rainbird,
while the snakes slither around, biting.

ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥

The mosquitoes bite and sting, and the ponds are filled to
overflowing; without the Lord, how can she find peace?

ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥

O Nanak! I will go and ask my Guru; wherever God is, there I will go. ||੧੦||

(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ ਅੰਗ ੧੧੦੮)

ਸੰਪਾਦਕ
ਡਾ. ਜਾਗੀਰ ਸਿੰਘ

ਅਗਸਤ 2025



## ਕ

ਕਿਸਮਤ ਅਤੇ ਨਸੀਬਾ ਖੁਲ੍ਹੇ,
ਤਦੋਂ ਹੀ ਰੱਬ ਨੂੰ ਪਾਸਾਂ ਹੂ।
ਉਸਦੇ ਦਰ ਤੇ ਸਿਜਦਾ ਕਰਸਾਂ,
ਡੰਡਵਤ ਹੁੰਦਾ ਜਾਸਾਂ ਹੂ।
ਜੇਕਰ ਬਿਨੈ ਕਬੂਲੇ ਮੇਰੀ,
ਸਿਮਰਾਂ ਨਾਲ ਸੁਆਸਾਂ ਹੂ।
ਮਿਹਰ ਕਰੇ ਸੰਤੋਖ ਜੇ ਸਾਂਈ,
ਭਵਸਾਗਰ, ਤਰ ਜਾਸਾਂ ਹੂ।

# ਅੰਮ੍ਰਿਤ ਕੀਰਤਨ

ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

* ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਮ੍ਰਿਤ ਅਸਾਡੜੇ ਸੇਈ** 2

**ਸੰਪਾਦਕੀ : ਗੁਰਦੁਆਰਾ ਲਿਖਣਸਰ ਸਾਹਿਬ** 3
ਡਾ. ਜਾਗੀਰ ਸਿੰਘ

**ਗੁਰਮਤਿ ਸੰਗੀਤ ਵਿਚ ਰਾਗ ਗਉੜੀ**
ਡਾ. ਗੁਰਨਾਮ ਸਿੰਘ 7

**ਬਹੁਭਾਂਤੀ ਸ਼ਖਸੀਅਤ ਭਾਈ ਮੋਹਨ ਸਿੰਘ ਘਾਇਲ**
ਭਾਈ ਕਰਮ ਸਿੰਘ ਰਤਨ 9

**ਭਾਈ ਗੁਰਮੀਤ ਸਿੰਘ ਜੀ ਸ਼ਾਂਤ ਨੂੰ ਸ਼੍ਰੋਮਣੀ ਰਾਗੀ ਸਨਮਾਨ** 13

**ਬਬੀਹਾ ਅਤੇ ਕੀਰਤਨ**
ਬਬਲੀ ਐਸ. ਸਿੰਘ 14

**ਧੀਆਂ ਡਾਲਰ ਖੋਜਣ ਚੱਲੀਆਂ**
ਜਗਤਾਰਜੀਤ ਸਿੰਘ 17

**Does Life's Journey Lead to any Conclusion?**
By Jagdip Singh 'Sigma' 19

**ਰਾਗ ਸੁਘਰਈ**
ਪ੍ਰੋ. ਗੁਰਬਖਸ਼ ਸਿੰਘ 20



**ਸਾਲਾਨਾ ਚੰਦਾ : 500/-ਰੁਪਏ**


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਮਿਤ੍ਰ ਅਸਾਡੜੇ ਸੇਈ

ਪਿਆਰੇ ਡਾ. ਜਾਗੀਰ ਸਿੰਘ ਜੀ, ਜੁਲਾਈ ਦਾ 'ਅੰਮ੍ਰਿਤ ਕੀਰਤਨ' ਵਾਚਿਆ। ਤੁਹਾਡੀ ਮਿਹਨਤ ਸਫਲ ਹੈ। 'ਅੰਮ੍ਰਿਤ ਕੀਤਰਨ' ਦਾ ਇਹ ਅੰਕ ਬੇਸ਼ਕੀਮਤੀ ਜਾਣਕਾਰੀ ਭਰਪੂਰ ਹੈ। ਇਸ ਵਿੱਚ ਡਾ. ਗੁਰਨਾਮ ਸਿੰਘ ਦੀ ਗੁਰਮਤਿ ਸੰਗੀਤ ਨੂੰ ਦੇਣ, ਪ੍ਰੋ. ਜਗਜੀਤ ਕੌਰ ਅਤੇ ਪ੍ਰੋ. ਯਸ਼ਪਾਲ ਜੀ 'ਸ਼ਗੁਨ ਪਿਆ' ਬਾਰੇ ਜਾਣਕਾਰੀ ਸੰਗੀਤ ਪ੍ਰੇਮੀਆਂ ਲਈ ਪ੍ਰੇਰਨਾ ਸਰੋਤ ਬਣੇਗੀ।

ਪ੍ਰੋ. ਗੁਰਬਖਸ਼ ਸਿੰਘ ਯੂ. ਕੇ. ਦੀ ਬੰਦਸ਼ ਪੜ੍ਹ ਕੇ ਦਿਲੋਂ ਖੁਸ਼ੀ ਹੋਈ। 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਨੂੰ ਨਵੇਂ ਰਾਗਾਂ ਦੀ ਜਾਣਕਾਰੀ ਅਤੇ ਬੰਦਿਸ਼ਾਂ ਪ੍ਰਾਪਤ ਹੋ ਰਹੀਆਂ ਹਨ। ਬਹੁਤ ਬਹੁਤ ਧੰਨਵਾਦ।------

ਪ੍ਰੋ. ਗੁਰਮੀਤ ਸਿੰਘ "ਮੀਤ" ਟੋਰੰਟੋ

ਜੁਲਾਈ ਦਾ 'ਅੰਮ੍ਰਿਤ ਕੀਰਤਨ' ਪ੍ਰਾਪਤ ਹੋਇਆ। ਇਸ ਵਾਰ ਦਾ "ਕਰਉ ਬੇਨੰਤੀਆ" ਬਹੁਤ ਹੀ ਜ਼ਿਆਦਾ ਦਿਲ ਨੂੰ ਛੂੰਹਦਾ ਹੈ। ਸੱਜਣਾਂ ਦੇ ਐਸੇ ਮੋਹ ਜਿਤਨੇ ਪਿਆਰ ਭਰੇ ਹੁੰਦੇ ਹਨ, ਉਹ ਜਾਣ ਵੇਲੇ ਉਤਨੇ ਹੀ ਹਿਲਾ ਜਾਂਦੇ ਹਨ। ਤੁਹਾਡੇ ਇਸ ਆਰਟੀਕਲ ਤੋਂ ਮੈਡਮ ਜਗਜੀਤ ਕੌਰ ਜੀ ਦੀ ਪਿਆਰੀ ਸ਼ਖਸੀਅਤ ਨਜ਼ਰ ਆਂਦੀ ਹੈ। ਰਿਸ਼ਤਾ ਪਾ ਤਾਂ ਹਰ ਕੋਈ ਲੈਂਦਾ ਹੈ ਪਰ ਨਿਭਾਉਣਾ ਕੋਈ ਕੋਈ ਜਾਣਦਾ ਹੈ। ਤੁਸੀਂ ਉਹਨਾਂ ਨੂੰ ਪੂਰਾ ਸਤਿਕਾਰ ਦਿਤਾ ਏ ਜੀ।------

ਬਬਲੀ ਐਸ. ਸਿੰਘ, ਲੁਧਿਆਣਾ

**ਲੇਖਕਾਂ ਨੂੰ ਬੇਨਤੀ**

ਲੇਖਾਂ ਵਿੱਚ ਪ੍ਰਯੋਗ ਹੋਈਆਂ ਗੁਰਬਾਣੀ ਦੀਆਂ ਤੁਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਸ਼ਬਦ-ਜੋੜਾਂ ਨਾਲ ਮੇਲ ਕੇ ਪੰਨਾ ਅੰਕਿਤ ਕੀਤਾ ਜਾਵੇ ਜੀ।

# ਕਰਉ ਬੇਨੰਤੀਆ

## ਗੁਰਦੁਅਰਾ ਲਿਖਣਸਰ ਸਾਹਿਬ

ਪ੍ਰੋ. ਨਵਸੰਗੀਤ ਸਿੰਘ (1, ਲਤਾ ਗਰੀਨ ਐਨਕਲੇਵ, ਪਟਿਆਲਾ-147002 ਮੁਬਾਈਲ-94176 92015) ਗੁਰਮਤਿ ਸਾਹਿਤ ਦੇ ਬੜੇ ਪਿਆਰੇ ਸਤਿਕਾਰੇ ਲੇਖਕ ਹਨ। ਇਹਨਾਂ ਦੀਆਂ ਲਿਖਤਾਂ ਵਿਚ ਗੁਰਮਤਿ ਵਿਚਾਰਾਂ ਨੂੰ ਬੜੇ ਸੁਚੱਜੇ ਅਤੇ ਸਰਲ ਢੰਗ ਨਾਲ ਵਿਅਕਤ ਕੀਤਾ ਹੁੰਦਾ ਹੈ ਜਿਸ ਕਾਰਨ ਇਹ ਆਮ ਪਾਠਕਾਂ ਨੂੰ ਪ੍ਰੇਰਿਤ ਕਰਦੀਆਂ ਹਨ। ਪਿਛੇ ਜਿਹੇ ਉਹਨਾਂ ਨੇ ਗੁਰਦੁਆਰਾ ਲਿਖਣ ਸਰ ਸਾਹਿਬ ਬਾਰੇ ਇਹ ਕਵਿਤਾ ਭੇਜੀ-

ਚੌਥਾ ਤਖਤ ਹੈ ਸਿੱਖ ਧਰਮ ਦਾ, ਦਮਦਮਾ ਸਾਹਿਬ ਕਹਿੰਦੇ।<br>
ਸਭ ਧਰਮਾਂ-ਵਰਣਾਂ ਦੇ ਲੋਕੀਂ ਮਿਲ ਜੁਲ ਏਥੇ ਰਹਿੰਦੇ।<br>
ਜੋੜਮੇਲਾ ਵਿਸਾਖੀ ਦਾ ਇਸ ਥਾਂ ਲੱਗਦਾ ਭਾਰੀ,<br>
ਰੱਬ ਦੀ ਕਿਰਪਾ ਹੋਵੇ ਉਨ੍ਹਾਂ ਤੇ, ਜੋ ਸਿਮਰਨ ਵਿੱਚ ਬਹਿੰਦੇ।

ਦਸਮ ਪਿਤਾ ਨੇ ਗੁਰੂ ਗ੍ਰੰਥ ਦੀ, ਬੀੜ ਤਿਆਰ ਕਰਾਈ।<br>
ਮੁੱਢ ਤੋਂ ਅੰਤ ਤੱਕ ਉਨ੍ਹਾਂ ਨੇ,ਕਥਾ ਸੀ ਆਪ ਸੁਣਾਈ।<br>
ਲਿਖਣਸਰ ਦੇ ਜਲ ਵਿੱਚ ਸਿਆਹੀ-ਕਲਮਾਂ ਰੋੜ੍ਹ ਵਹਾਈਆਂ,<br>
ਸ਼ਰਧਾ ਤੇ ਵਿਸ਼ਵਾਸ ਕਰੇ ਜੋ, ਉਹਨੂੰ ਮਿਲੇ ਵਡਾਈ।

ਹਰ ਆਯੂ ਦੇ ਲੋਕੀਂ ਏਥੇ, ਆ ਕੇ ਪੈਂਤੀ ਲਿਖਦੇ।<br>
ਬੱਚੇ-ਬੁੱਢੇ ਤੇ ਨਰ-ਨਾਰੀ,ਸਾਰੇ ਗੁਰਮੁਖੀ ਸਿਖਦੇ।<br>
ਕੁਝ ਰੇਤੇ ਤੇ ਕਈ ਸਲੇਟ ਤੇ ਕਰਦੇ ਸੁੰਦਰ ਲਿਖਾਈ,<br>
ਵੱਡੇ ਛੋਟੇ ਦਾ ਫਰਕ ਨਾ ਕੋਈ, ਰੱਬ ਦਾ ਰੂਪ ਨੇ ਦਿਖਦੇ।

ਇਸ ਕਵਿਤਾ ਨੂੰ ਪੜ੍ਹ ਕੇ ਮੇਰੇ ਮਨ ਵਿੱਚ ਸਿੱਖਾਂ ਵਿੱਚ ਸਿੱਖਿਆ ਦੀ ਮਹੱਤਤਾ ਬਾਰੇ ਕੁਝ ਲਿਖਣ ਨੂੰ ਮੰਨ ਕੀਤਾ। ਗੁਰਦੁਆਰਾ ਲਿਖਣ ਸਰ ਬਾਰੇ ਦੱਸਿਆ ਹੈ ਕਿ ਇਸ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਿਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕੀਤੀ ਗਈ ਉਹ ਬੀੜ ਤਿਆਰ ਕੀਤੀ ਜਿਸ ਨੂੰ ਦਮਦਮੀ ਬੀੜ ਆਖਿਆ ਜਾਂਦਾ ਹੈ। ਇਸ ਨੂੰ ਲਿਖਣ ਲਈ ਬਾਬਾ ਦੀਪ ਸਿੰਘ ਜੀ ਜਿਹੇ ਲਿਖਾਰੀ ਸਨ। ਗੁਰੂ ਸਾਹਿਬ ਆਪ ਵੀ ਕਲਮਾਂ ਘੜਦੇ ਸਨ ਅਤੇ ਕੁਝ ਕਲਮਾਂ ਨੇੜੇ ਸਥਿਤ ਤਾਲਾਬ ਵਿੱਚ ਸੁਟਦੇ ਸਨ ਆਖਦੇ ਸਨ ਕਿ ਇਥੇ ਗੁਰਮੁਖੀ ਦੇ ਵੱਡੇ ਲਿਖਾਰੀ ਪੈਦਾ ਹੋਣਗੇ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰਦਿਆਂ ਕੁਝ ਵਿਸ਼ੇਸ਼ ਸ਼ਬਦਾਂ ਵੱਲ ਧਿਆਨ ਜਾਂਦਾ ਹੈ ਤਾਂ ਜਾਪਦਾ ਹੈ ਕਿ ਸਿੱਖਾਂ ਲਈ ਪੜ੍ਹਿਆ ਲਿਖਿਆ ਹੋਣ ਦੀ ਬੜੀ ਮਹੱਤਤਾ ਹੈ। ਗੁਰਬਾਣੀ ਵਿੱਚ ਪ੍ਰਯੁਕਤ ਸ਼ਬਦ-ਪੁਸਤਕ, ਕਲਮ, ਸਿਆਹੀ, ਲਿਖਣਾ ਪੜ੍ਹਨਾ ਆਦਿ ਦੇ ਹਵਾਲੇ ਨਾਲ ਵਾਚੀਏ ਤਾਂ ਕਮਾਲ ਦੀਆਂ ਭਾਵਨਾਵਾਂ ਉਜਾਗਰ ਹੁੰਦੀਆਂ ਹਨ।

ਗੁਰਬਾਣੀ ਵਿੱਚ ਕਲਮ ਸ਼ਬਦ ਦੀ ਵਰਤੋਂ ਦੇ ਹਵਾਲੇ ਨਾਲ ਕੁਝ ਸਮਝਣ ਕੀ ਕੋਸ਼ਿਸ਼ ਕਰਦੇ ਹਾਂ। ਕਲਮ ਜਾਂ ਪੈੱਨ ਕਾਗਜ਼ ਤੇ ਲਿਖਣ ਲਈ ਇੱਕ ਸੰਦ ਹੈ। ਪੁਰਾਤਨ ਕਾਲ ਵਿੱਚ ਖੰਭ ਜਾਂ ਸਰਕੰਡੇ ਦੀ ਕਾਨੀ ਦੀ ਨੋਕ ਨੂੰ ਸਿਆਹੀ ਵਿੱਚ ਡੁਬੋ ਕੇ ਉਸ ਦੀ ਪੈਂਨ ਵਜੋਂ ਕੀਤੀ ਜਾਂਦੀ ਸੀ।

ਕਾਗਦਿ ਕਲਮ ਨ ਲਿਖਣਹਾਰ॥ (ਜਪੁ ਜੀ ਅੰਗ ੩ )

ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁ ਜੀ ਵਿੱਚ ਕਾਗਜ਼ ਅਤੇ ਕਲਮ ਨੂੰ ਜਿਸ ਪ੍ਰਸੰਗ ਵਿੱਚ ਪ੍ਰਯੋਗ ਕੀਤਾ ਹੈ ਉਸ ਬਾਰੇ ਗੁਰੂ ਗ੍ਰੰਥ ਸਾਹਿਬ ਦਰਪਣ ਵਿੱਚ ਸਾਹਿਬ ਸਿੰਘ ਜੀ ਨੇ ਇੰਜ ਲਿਖਿਆ ਹੈ-ਜਿਸ ਮਨੁੱਖ ਦੀ ਪ੍ਰਭੂ ਨਾਲ ਲਗਨ ਲੱਗ ਜਾਏ, ਉਸ ਦੀ ਆਤਮਕ ਉੱਚਤਾ ਨੂੰ ਕੋਈ ਬਿਆਨ ਨਹੀਂ ਕਰ ਸਕਦਾ, ਉਸ ਨੂੰ ਕਲਮ ਨਾਲ ਕਾਗਜ਼ ਉੱਤੇ ਕੋਈ ਮਨੁੱਖ ਲਿਖਣ ਦੇ ਸਮਰੱਥ ਨਹੀਂ ਹੈ।

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰ॥੧॥

(ਸਿਰੀ ਰਾਗੁ ਮਹਲੁ ੧ ਅੰਗ ੧੬)

ਭਾਈ ਵੀਰ ਸਿੰਘ ਜੀ ਇਹਨਾਂ ਤੁਕਾਂ ਦੇ ਅਰਥ ਕਰਦਿਆਂ ਦਸਦੇ ਹਨ-

ਅਗਲੇ( ਭਾਵ ਪੁਰਾਣੇ) ਸਮਿਆਂ ਵਿੱਚ ਦੀਵੇ ਵਿੱਚ ਸਰਹੋਂ ਦਾ ਤੇਲ ਬਲਦਾ ਸੀ ਤਾਂ ਉੱਪਰ ਕੱਚੀ ਮਿੱਟੀ ਦੇ ਚੱਪਣ ਲਟਕਿਆ ਕਰਦੇ ਸਨ, ਇਹਨਾਂ ਚੱਪਣਾਂ ਵਿੱਚ ਦੀਵੇ ਦੀ ਲਾਟ ਤੋਂ ਕਾਲਖ ਦਾ ਫੁੱਲਾ ਲਗਿਆ ਕਰਦਾ ਸੀ। ਇਸ ਫੁੱਲੇ ਤੋਂ ਲਿਖਣੇ ਦੀ ਸ਼ਾਹੀ ਬਣਿਆ ਕਰਦੀ ਸੀ। ਇਸ ਸ਼ਬਦ ਵਿੱਚ ਤੇਲ ਦੀ ਥਾਂ ਮਾਇਆ ਦਾ ਮੋਹ ਸਾੜ ਕੇ ਸਿਆਹੀ ਬਣਾਉਣ ਦੀ ਗੱਲ ਕੀਤੀ ਗਈ ਹੈ। ਪ੍ਰੋਫੈਸਰ ਸਾਹਿਬ ਸਿੰਘ ਗੁਰੂ ਗ੍ਰੰਥ ਸਾਹਿਬ ਦਰਪਣ ਵਿੱਚ ਅਰਥ ਕਰਦਿਆਂ ਲਿਖਦੇ ਹਨ-

ਹੇ ਭਾਈ ਮਾਇਆ ਦਾ ਮੋਹ ਸਾੜ ਕੇ ਉਸ ਨੂੰ ਘਸਾ ਕੇ ਸਿਆਹੀ ਬਣਾ ਤੇ ਆਪਣੀ ਅਕਲ ਨੂੰ ਸੋਹਣਾ ਕਾਗਜ਼ ਬਣਾ। ਪ੍ਰੇਮ ਨੂੰ ਕਲਮ , ਆਪਣੇ ਮਨ ਨੂੰ ਲਿਖਾਰੀ ਬਣਾ। ਗੁਰੂ ਦੀ ਸਿਖਿਆ ਲੈ ਕੇ ਪਰਮਾਤਮਾ ਦੇ ਗੁਣਾਂ ਦੀ ਵਿਚਾਰ ਕਰਨੀ ਲਿਖ। ਪ੍ਰਭੂ ਦਾ ਨਾਮ ਲਿਖ, ਪ੍ਰਭੂ ਦੀ ਸਿਫਤਿ -ਸਾਲਾਹ ਲਿਖ, ਇਹ ਲਿਖ ਕਿ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਪਾਰਲਾ-ਉਰਲਾ ਬੰਨਾ ਨਹੀਂ ਲੱਭ ਸਕਦਾ।

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥

(ਸਿਰੀ ਰਾਗ ਮਹਲਾ ੧ ਪਹਰੇ ਅੰਗ ੭੪)

ਅਰਥਾਤ-ਜੀਵ ਦੇ ਮੱਥੇ ਉੱਤੇ ਪਰਮਾਤਮਾ ਦੇ ਹੁਕਮ ਅਨੁਸਾਰ ਜਿਹੋ ਜਿਹੀ ਕੀਤੇ ਕਰਮਾਂ ਦੇ ਸੰਸਕਾਰਾਂ ਦੀ ਕਲਮ ਚਲਦੀ ਹੈ, ਜਗਤ ਵਿਚ ਆਉਣ ਵੇਲੇ ਜੀਵ ਦੇ ਪਾਸ ਉਹੋ ਜਿਹੀ ਹੀ ਆਤਮਕ ਜੀਵਨ ਦੀ ਰਾਸ ਪੂੰਜੀ ਹੁੰਦੀ ਹੈ।

ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ॥

(ਸਲੋਕ ਮਹਲਾ ੩ , ਅੰਗ ੮੪)

ਅਰਥਾਤ, ਕਲਮ ਦਵਾਤ ਮੰਗਾਣ ਦਾ ਕੀ ਲਾਭ? ਹੇ ਸੱਜਣਾ, ਹਿਰਦੇ ਵਿਚ ਹੀ ਹਰੀ ਦਾ ਨਾਮ ਲਿਖ ਲੈ।

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ॥
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ॥
ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ॥

(ਸਲੋਕ ਮਹਲਾ ੩ ਅੰਗ ੮੪)

ਗੁਰੂ ਅਮਰ ਦਾਸ ਜੀ ਦੇ ਇਸ ਸਲੋਕ ਦੇ ਅਰਥ ਕਰਦਿਆਂ ਸਾਹਿਬ ਸਿੰਘ ਜੀ ਲਿਖਦੇ ਹਨ-

ਪੂਰਬਿ ਲਿਖਿਆ-ਪਹਿਲਾਂ ਤੋਂ ਕਮਾਇਆ ਹੋਇਆ। ਮਨੁੱਖ ਜੋ ਜੋ ਕਰਮ ਕਰਦਾ ਹੈ, ਉਸ ਦੇ ਦੋ ਸਿੱਟੇ ਨਿਕਲਦੇ ਹਨ-ਇਕ ਜ਼ਾਹਰਾ ਦਿੱਸਣ ਵਾਲਾ, ਮਾਇਕ ਲਾਭ ਜਾਂ ਹਾਨੀ, ਤੇ ਦੂਜਾ ਉਸ ਕਰਮ ਦਾ ਅਸਰ ਜੋ ਮਨ ਤੇ ਪੈਂਦਾ ਹੈ, ਜਿਸ ਵਾਸਤੇ 'ਸੰਸਕਾਰ' ਲਫਜ਼ ਵਰਤਿਆ ਜਾ ਸਕਦਾ ਹੈ। ਚੰਗੇ ਕਰਮਾਂ ਦਾ ਚੰਗਾ ਸੰਸਕਾਰ ਤੇ ਮੰਦੇ ਦਾ ਮੰਦਾ। ਕਿਸੇ ਕਰਮ ਦਾ ਚੰਗਾ ਜਾਂ ਮੰਦਾ ਹੋਣਾ ਭੀ ਕਰਮ ਦੀ ਬਾਹਰਲੀ ਦਿੱਸਦੀ ਵਿਧੀ ਜਾਂ ਤਰੀਕੇ ਤੋਂ ਨਹੀਂ ਜਾਚਿਆ ਜਾ ਸਕਦਾ। ਇਹ ਭੀ ਮਨ ਦੀ ਭਾਵਨਾ ਅਧੀਨ ਹੈ। ਸੋ ਮਨੁੱਖ ਮਨ ਕੀ ਹੈ? ਉਸ ਦੇ ਪਿਛਲੇ ਕੀਤੇ ਕਰਮਾਂ

ਦੇ ਸੰਸਕਾਰਾਂ ਦਾ ਇਕੱਠ। ਮਨੁੱਖ ਸਦਾ ਇਹਨਾਂ ਸੰਸਕਾਰਾਂ ਦੇ ਅਧੀਨ ਰਹਿੰਦਾ ਹੈ। ਜੇ ਇਹ ਸੰਸਕਾਰ ਚੰਗੇ ਹੋਣ , ਤਾਂ ਮਨ ਭਲੇ ਪਾਸੇ ਲੈ ਜਾਂਦਾ ਹੈ, ਜੇ ਮੰਦੇ ਹੋਣ ਤਾਂ ਮਾੜੇ ਪਾਸੇ। ਇਸੇ ਨੂੰ ਹੀ 'ਪੂਰਬਿ ਲਿਖਿਆ' ਆਖਿਆ ਗਿਆ ਹੈ। ਇਹ 'ਪੂਰਬਿ ਲਿਖੇ' ਸੰਸਕਾਰ ਮਨੁੱਖ ਦੇ ਆਪਣੇ ਜਤਨ ਨਾਲ ਨਹੀਂ ਮਿਟ ਸਕੇ, ਕਿਉਂਕਿ 'ਆਪਣਾ ਜਤਨ' ਮਨੁੱਖ ਸਦਾ ਆਪਣੇ ਮਨ ਦੀ ਰਾਹੀਂ ਕਰ ਸਕਦਾ ਹੈ, ਤੇ ਮਨ ਸਦਾ ਉਧਰ ਪ੍ਰੇਰਦਾ ਹੈ ਜਿਧਰ ਦੇ ਇਸ ਵਿਚ ਸੰਸਕਾਰ ਹਨ। ਇੱਕੋ ਹੀ ਤਰੀਕਾ ਹੈ ਇਹਨਾਂ ਨੂੰ ਮੇਟਣ ਦਾ-ਭਾਵ ਮਨ ਦੇ ਸੰਸਕਾਰਾਂ ਨੂੰ ਸਤਿਗੁਰੂ ਦੀ ਰਜ਼ਾ ਵਿਚ ਲੀਨ ਕਰ ਦੇਣਾ।

ਇਸ ਟਿੱਪਣੀ ਤੋਂ ਬਾਅਦ ਇਸ ਸਲੋਕ ਦੇ ਅਰਥ ਕੀਤੇ ਗਏ ਹਨ- ਸੜ ਜਾਏ ਉਹ ਕਲਮ, ਸਮੇਤ ਦਵਾਤ ਦੇ, ਤੇ ਉਹ ਕਾਗਤ ਭੀ ਸੜ ਜਾਏ, ਲਿਖਣ ਵਾਲਾ ਭੀ ਸੜ ਮਰੇ, ਜਿਸ ਨੇ ਮਾਇਆ ਦੇ ਪਿਆਰ ਦਾ ਲੇਖਾ ਲਿਖਿਆ ਹੈ, ਕਿਉਂਕਿ ਹੇ ਨਾਨਕ, ਜੀਵ ਉਹੀ ਕੁਝ ਕਮਾਂਦਾ ਹੈ, ਜੋ ਸੰਸਕਾਰ ਆਪਣੇ ਚੰਗੇ ਮੰਦੇ ਕੀਤੇ ਕੰਮਾਂ ਅਨੁਸਾਰ ਪਹਿਲਾਂ ਤੋਂ ਆਪਣੇ ਹਿਰਦੇ ਉਤੇ ਲਿਖੀ ਜਾਂਦਾ ਹੈ, ਜੀਵ ਇਸ ਦੇ ਉਲਟ ਕੁਝ ਨਹੀਂ ਕਰ ਸਕਦਾ।

ਲਿਖਦਿਆਂ ਲਿਖਦਿਆ ਕਾਗਦ ਮਸੁ ਖੋਈ॥
ਦੂਜੈ ਭਾਇ ਸੁਖੁ ਪਾਏ ਨ ਕੋਈ॥
ਕੂੜੂ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ॥ ੬॥
ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ॥
ਸੇ ਜਨ ਸਚੇ ਪਾਵਹਿ ਮੋਖ ਦੁਆਰੁ॥
ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ॥ ੭॥

(ਮਾਝ ਮਹਲਾ ੩ ਅੰਗ ੧੨੨)

ਆਮ ਮਨੁੱਖ ਪਰਮਾਤਮਾ ਤੋਂ ਬਿਨਾ ਹੋਰ ਕੁਝ ਲਿਖਦੇ ਲਿਖਦੇ ਅਨੇਕਾਂ ਕਾਗਜ਼ ਤੇ ਸਿਆਹੀ ਮੁਕਾ ਲੈਂਦੇ ਹਨ, ਪਰ ਮਾਇਆ ਦੇ ਮੋਹ ਵਿੱਚ ਫਸੇ ਰਹਿ ਕੇ ਕਿਸੇ ਨੇ ਕਦੇ ਆਤਮਕ ਆਨੰਦ ਨਹੀਂ ਮਾਣਿਆ। ਉਹ ਮਾਇਆ ਦਾ ਹੀ ਲੇਖਾ ਲਿਖਦੇ ਰਹਿੰਦੇ ਹਨ ਅਤੇ ਮਾਇਆ ਹੀ ਇੱਕਠੀ ਕਰਦੇ ਰਹਿੰਦੇ ਹਨ। ਉਹ ਸਦਾ ਖਿਝਦੇ ਹੀ ਰਹਿੰਦੇ ਹਨ ਕਿਉਂਕਿ ਉਹ ਨਾਸਵੰਤ ਮਾਇਆ ਵਿੱਚ ਹੀ ਆਪਣਾ ਮਨ ਜੋੜੀ ਰਖਦੇ ਹਨ।

ਗੁਰੂ ਦੀ ਸਰਣ ਵਿੱਚ ਰਹਿਣ ਵਾਲੇ ਮਨੁਖ ਸਦਾ-ਥਿਰ ਪ੍ਰਭੂ ਦਾ ਨਾਮ ਲਿਖਦੇ ਹਨ, ਪਰਮਾਤਮਾ ਦੇ ਗੁਣਾਂ ਦਾ ਵਿਚਾਰ ਲਿਖਦੇ ਹਨ। ਉਹ ਮਨੁਖ ਸਦਾ-ਪ੍ਰਭੂ ਦਾ ਰੂਪ ਹੋ ਜਾਂਦੇ ਹਨ, ਉਹ ਮਾਇਆ ਦੇ ਮੋਹ ਤੋਂ ਖਲਾਸੀ ਦਾ ਰਾਹ ਲੱਭ ਲੈਂਦੇ ਹਨ। ਉਹਨਾਂ ਮਨੁੱਖਾਂ ਦਾ ਕਾਗਜ਼ ਸਫਲ ਹੈ, ਉਹਨਾਂ ਦੀ ਕਲਮ ਸਫਲ ਹੈ, ਦਵਾਤ ਭੀ ਸਫਲ ਹੈ, ਜੇਹੜੇ ਸਦਾ-ਥਿਰ ਪ੍ਰਭੂ ਦਾ ਨਾਮ ਲਿਖ ਲਿਖ ਕੇ ਸਦਾ-ਥਿਰ ਪ੍ਰਭੂ ਵਿਚ ਹੀ ਲੀਨ ਰਹਿੰਦੇ ਹਨ।

ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥
ਕਲਮ ਕਾਗਦ ਸਿਆਨਪ ਲੇਖੀ॥

(ਗਉੜੀ ਗੁਆਰੇਰੀ ਮਹਲਾ ੫, ਅੰਗ ੧੭੯)

ਮੈਂ ਬਹੁਤ ਰੰਗਾਂ ਵਾਲੀ ਮਾਇਆ ਕਈ ਤਰੀਕਿਆਂ ਨਾਲ ਮੋਂਹਦੀ ਵੇਖੀ ਹੈ। ਕਾਗਜ਼ ਕਲਮ ਲੈ ਕੇ ਕਈਆਂ ਨੇ ਅਨੇਕਾਂ ਵਿਦਵਤਾ ਵਾਲੇ ਲੇਖ ਲਿਖੇ ਹਨ। ਮਾਇਆ ਉਹਨਾਂ ਨੂੰ ਵਿਦਵਤਾ ਦੇ ਰੂਪ ਵਿਚ ਮੋਹ ਰਹੀ ਹੈ।

ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜਿ ਹੋਇ ਪਵਨ॥
ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ॥

(ਆਸਾ ਮਹਲਾ ੫ ਅੰਗ ੪੫੮)

ਜੇ ਸਾਰੀ ਧਰਤੀ ਕਾਗਜ਼ ਬਣ ਜਾਏ, ਜੇ ਸਾਰੀ ਬਨਸਪਤੀ ਕਲਮ ਬਣ ਜਾਏ, ਤੇ ਜੇ ਹਵਾ ਲਿਖਣ ਵਾਸਤੇ ਲਿਖਾਰੀ ਬਣ ਜਾਏ ਤਾਂ ਭੀ ਬੇਅੰਤ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ।

ਦੀਬਾਨੁ ਏਕੋ ਕਲਮ ਏਕਾ ਹਮਾ ਤੁਮਾ ਮੇਲੁ॥ (ਮਹਲਾ ੧ ਅੰਗ ੪੭੩)

ਪ੍ਰਭੂ ਆਪ ਹੀ ਫੈਸਲਾ ਕਰਨ ਵਾਲਾ ਹੈ ਤੇ ਆਪ ਹੀ ਲੇਖਾ ਲਿਖਣ ਵਾਲਾ ਹੈ, ਸਾਰੇ ਚੰਗੇ ਮੰਦੇ ਜੀਵਾਂ ਦਾ ਮੇਲਾ ਉਸ ਦੇ ਦਰ ਤੇ ਹੁੰਦਾ ਹੈ।

ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥

(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਅੰਗ ੯੬੯)

ਪ੍ਰਭੂ ਆਪ ਹੀ ਪੱਟੀ ਹੈ ਆਪ ਹੀ ਕਲਮ ਹੈ ਤੇ ਗੁਰੂ-ਰੂਪ ਹੋ ਕੇ ਆਪ ਹੀ ਪੂਰਨੇ ਲਿਖਣ ਵਾਲਾ ਹੈ।

ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ॥
ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ॥

( ਵਾਰ ਮਲਾਰ ਮਹਲਾ ੧, ਅੰਗ ੧੨੮੦)

ਸਭਨਾਂ ਜੀਵਾਂ ਦਾ ਮਾਲਕ ਇਕ ਪ੍ਰਭੂ ਹੈ, ਇਸ ਗੱਲ ਦੀ ਸਮਝ ਗੁਰੂ ਦੇ ਸਨਮੁਖ ਹੋਇਆਂ ਆਉਂਦੀ ਹੈ, ਆਪਣੇ ਹੁਕਮ -ਅਨੁਸਾਰ ਹੀ ਹਰੇਕ ਜੀਵ ਦੇ ਸਿਰ ਉਤੇ ਕਲਮ ਦਵਾਤ ਤੋਂ ਬਿਨਾਂ ਹੀ ਰਜ਼ਾ ਦਾ ਲੇਖ ਲਿਖ ਰਿਹਾ ਹੈ।

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥

(ਸਲੋਕ ਮਹਲਾ ੧, ਅੰਗ ੧੨੯੧)

ਅਰਥ-ਮੁਬਾਰਿਕ ਹੈ ਉਹ ਕਾਗਜ਼ ਤੇ ਕਲਮ, ਮੁਬਾਰਿਕ ਹੈ ਉਹ ਦਵਾਤ ਤੇ ਸਿਆਹੀ ਤੇ, ਹੇ ਨਾਨਕ ਮੁਬਾਰਿਕ ਹੈ ਉਹ ਲਿਖਣ ਵਾਲਾ ਜਿਸ ਨੇ ਪ੍ਰਭੂ ਦਾ ਸੱਚਾ ਨਾਮ ਲਿਖਾਇਆ ਹੈ ਭਾਵ ਪ੍ਰਭੂ ਦੀ ਸਿਫਤਿ-ਸਾਲਾਹ ਲਿਖਾਈ।

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥

(ਮਹਲਾ ੧, ਅੰਗ ੧੨੯੧)

ਅਰਥ-ਹੇ ਪ੍ਰਭੂ ਤੂੰ ਆਪ ਹੀ ਪੱਟੀ ਹੈਂ, ਤੇ ਆਪ ਹੀ ਕਲਮ ਹੈਂ,ਪੱਟੀ ਉਤੇ ਸਿਫਤਿ-ਸਾਲਾਹ ਦਾ ਲੇਖ ਭੀ ਤੂੰ ਆਪ ਹੀ ਹੈਂ। ਹੇ ਨਾਨਕ, ਸਿਫਤਿ -ਸਾਲਾਹ ਕਰਣ ਵਾਲਾ ਇੱਕ ਪ੍ਰਭੂ ਨੂੰ ਹੀ ਆਖਣਾ ਚਾਹੀਦਾ ਹੈ।ਕੋਈ ਹੋਰ ਦੂਜਾ ਕਿਵੇਂ ਹੋ ਸਕਦਾ ਹੈ?

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥

(ਸਲੋਕ ਕਬੀਰ ਜੀ, ਅੰਗ ੧੩੬੮)

ਹੇ ਕਬੀਰ, ਜੇ ਮੈਂ ਸੱਤਾਂ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾ ਲਵਾਂ, ਸਾਰੇ ਰੁੱਖਾਂ - ਬਿਰਖਾਂ ਦੀਆਂ ਕਲਮਾਂ ਘੜ ਲਵਾਂ, ਸਾਰੀ ਧਰਤੀ ਨੂੰ ਕਾਗਜ਼ ਦੇ ਥਾਂ ਵਰਤਾਂ,ਤਾਂ ਭੀ ਪਰਮਾਤਮਾ ਦੇ ਗੁਣ ਪੂਰਨ ਤੌਰ ਤੇ ਲਿਖੇ ਨਹੀਂ ਜਾ ਸਕਦੇ ਭਾਵ ਇਨਸਾਨ ਨੇ ਪਰਮਾਤਮਾ ਦੇ ਗੁਣ ਇਸ ਵਾਸਤੇ ਨਹੀਂ ਗਾਵਣੇ ਕਿ ਗੁਣਾਂ ਦਾ ਅੰਤ ਪਾਇਆ ਜਾ ਸਕੇ ਤੇ ਸਾਰੇ ਗੁਣ ਬਿਆਨ ਕੀਤੇ ਜਾ ਸਕਣ)-----------

ਮੇਰਾ ਮੰਨਣਾ ਹੈ ਕਿ ਸਾਡਾ ਮਨੋਰਥ ਗੁਰਬਾਣੀ ਨੂੰ ਸਮਝ ਕੇ ਇਸ ਅਨੁਸਾਰ ਜੀਵਨ ਬਤੀਤ ਕਰਨਾ ਹੈ।ਇਸ ਦਾ ਪਾਠ, ਵਿਚਾਰ, ਕੀਰਤਨ ਆਦਿ ਕੇਵਲ ਇਸੇ ਲਈ ਕਰਨਾ ਹੈ।ਨਹੀਂ ਤਾਂ ਸਭ ਵਿਅਰਥ ਹੈ।
ਆਓ ਜਤਨ ਕਰੀਏ--ਭੁੱਲ ਚੁੱਕ ਖਿਮਾ ---

**ਜਾਗੀਰ ਸਿੰਘ**

# ਗੁਰਮਤਿ ਸੰਗੀਤ ਵਿਚ ਰਾਗ ਗਉੜੀ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦਾ ਮੂਲ ਰਾਗ ਪ੍ਰਬੰਧ ਇਸ ਪਰੰਪਰਾ ਦੀ ਸ਼ਬਦ ਕੀਰਤਨ ਪੱਧਤੀ ਨੂੰ ਰਾਗਾਤਮਕ ਬਨਾਉਣ ਲਈ ਸਿਰਜਿਆ ਗਿਆ ਹੈ। ਬਾਣੀ ਉੱਪਰ ਰਾਗਾਂ ਦਾ ਨਿਰਧਾਰਣ ਕੇਵਲ ਰਸਮੀ ਨਹੀਂ ਸਗੋਂ ਬਾਣੀ ਦੀ ਪ੍ਰਕਿਰਤੀ ਅਤੇ ਉਸ ਵਿਚ ਪ੍ਰਗਟਾਏ ਗਏ ਭਾਵਾਂ ਦੇ ਅਨੁਕੂਲ ਹੈ। ਵੱਖੋ ਵੱਖਰੇ ਰਾਗ ਵੱਖੋ ਵੱਖਰੇ ਸੁਰਾਤਮਕ ਰੰਗ ਦਰਸਾਉਂਦੇ ਹਨ, ਇਸੇ ਲਈ ਤਾਂ ਇਕ ਤੋਂ ਵਧੀਕ ਰਾਗ ਪ੍ਰਯੋਗ ਕੀਤੇ ਗਏ ਹਨ। ਇਸ ਲਈ ਰਾਗ ਅਤੇ ਸਬੰਧਿਤ ਰਾਗ ਵਿਚ ਗਾਉਣਾ ਜ਼ਰੂਰੀ ਹੈ। ਰਾਗੀ ਤੇ ਕੀਰਤਨੀ ਵੀਰਾਂ ਲਈ ਰਾਗ ਦਾ ਨਿਰਧਾਰਣ ਜਾਂ ਬਾਣੀ ਵਿਚ ਦਰਸਾਏ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨਾ ਉਸੇ ਤਰ੍ਹਾਂ ਜ਼ਰੂਰੀ ਹੈ ਜਿਵੇਂ ਉਨ੍ਹਾਂ ਦੇ ਬਸਤਰਾਂ ਦੀ ਬਾਹਰੀ ਦਿੱਖ ਜਾਂ ਮੈਚਿੰਗ। ਸਿੱਧੇ ਸ਼ਬਦਾਂ ਵਿਚ ਕਹੀਏ ਤਾਂ ਕੀਰਤਨੀਆਂ ਦੇ ਬਸਤਰਾਂ ਆਦਿ ਦੀ ਤਾਂ ਪੂਰੀ ਪੂਰੀ ਮੈਚਿੰਗ ਹੈ ਤੇ ਫਿਰ ਬਾਣੀ ਨਾਲ ਸਬੰਧਿਤ ਰਾਗ ਦੀ ਮੈਚਿੰਗ ਭਾਵ ਨਿਰਧਾਰਤ ਰਾਗ ਅਸੀਂ ਕਿਉਂ ਵਿਸਾਰ ਦੇਈਏ ਇਹ ਵਿਚਾਰਨ ਵਾਲੀ ਗੱਲ ਹੈ। ਖੈਰ ਅਸੀਂ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਬਾਰੇ ਵਿਚਾਰ ਕਰ ਰਹੇ ਸੀ।

ਗੁਰਮਤਿ ਸੰਗੀਤ ਦੇ ਮੂਲ ਰਾਗ ਪ੍ਰਬੰਧ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਗੀਤ ਵਿਧਾਨ ਹੈ ਜਿਸ ਵਿਚ ਮੁੱਖ 31 ਰਾਗ ਤੇ ਵਿਭਿੰਨ ਰਾਗ ਪ੍ਰਕਾਰ ਪ੍ਰਯੋਗ ਕੀਤੇ ਗਏ ਹਨ। ਇਨ੍ਹਾਂ ਰਾਗਾਂ ਵਿਚੋਂ ਤੀਸਰਾ ਰਾਗ ਗਉੜੀ ਹੈ। ਜਿਸ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 151 ਤੋਂ ਹੁੰਦਾ ਹੈ। ਗਉੜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਅਤੇ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਇਸ ਕਰਕੇ ਵੀ ਹੈ ਕਿ ਇਸ ਵਿਚ ਰਾਗ ਗਉੜੀ ਦੇ ਸਭ ਤੋਂ ਜ਼ਿਆਦਾ ਪ੍ਰਕਾਰਾਂ ਦਾ ਪ੍ਰਯੋਗ ਕਰਕੇ ਇਸ ਰਾਗ ਨੂੰ ਪੂਰਨ ਵਿਸਥਾਰ ਦਿੱਤਾ ਗਿਆ ਹੈ। ਇਨ੍ਹਾਂ ਰਾਗ ਪ੍ਰਕਾਰਾਂ ਬਾਰੇ ਅਸੀਂ ਸੁਤੰਤਰ ਰੂਪ ਵਿਚ ਅਗਲੇ ਖੋਜ-ਨਿਬੰਧ ਵਿਚ ਚਰਚਾ ਕਰਾਂਗੇ।

ਰਾਗ ਗਉੜੀ ਨੂੰ ਸੰਗੀਤ ਜਗਤ ਵਿਚ ਗੋਰੀ, ਗੌੜੀ, ਗਵਰੀ, ਗਉਰੀ ਆਦਿ ਨਾਵਾਂ ਨਾਲ ਉਚਾਰਿਆ ਤੇ ਲਿਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਵਿਚ 'ਗਉੜੀ' ਜਾਂ 'ਗੌੜੀ' ਅਤੇ ਰਾਗ ਮਾਲਾ ਵਿਚ 'ਗਵਰੀ' ਸ਼ਬਦ ਜੋੜਾਂ ਨਾਲ ਦਰਸਾਇਆ ਗਿਆ ਹੈ। ਵਿਭਿੰਨ ਸ਼ਬਦ ਜੋੜਾਂ ਤੋਂ ਇਸ ਦੇ ਵੱਖੋ ਵੱਖਰੇ ਸੰਗੀਤ ਮੱਤਾਂ, ਸੰਪਰਦਾਵਾਂ, ਇਲਾਕਿਆਂ ਵਿਚ ਪ੍ਰਚਲਿਤ ਹੋਣ ਦੇ ਪ੍ਰਮਾਣ ਹਨ ਜਿਸ ਨੂੰ ਇਸ ਰਾਗ ਦੀ ਅਮੀਰੀ ਵਜੋਂ ਪਛਾਣਨਾ ਚਾਹੀਦਾ ਹੈ।

ਗਉੜੀ ਰਾਗ ਭਾਰਤੀ ਤੇ ਗੁਰਮਤਿ ਸੰਗੀਤ ਦੋਵੇਂ ਪੱਧਤੀਆਂ ਵਿਚ ਪ੍ਰਚਲਿਤ ਹੈ। ਗੁਰੂ ਕਾਲ ਦੇ ਸਮਕਾਲੀ ਗ੍ਰੰਥਾਂ ਵਿਚ ਵੀ ਇਸ ਦਾ ਉਲੇਖ ਮਿਲਦਾ ਹੈ। ਭਾਰਤੀ ਸੰਗੀਤ ਦੇ ਗ੍ਰੰਥ 'ਸੰਗੀਤ ਦਰਪਣ' ਵਿਚ ਇਸ ਰਾਗ ਦਾ 'ਧਿਆਨ' ਇਸ ਤਰ੍ਹਾਂ ਚਿਤਰਿਆ ਗਿਆ ਹੈ। ਜਿਸ ਦਾ ਰੰਗ ਸਾਂਵਲਾ ਹੈ, ਜਿਸ ਦੇ ਕੰਨਾਂ ਵਿਚ ਅੰਬ ਬੂਰ ਦੇ ਗਹਿਣੇ ਪਾਏ ਹਨ, ਕੋਇਲ ਦੇ ਨਾਦ ਵਾਗੂੰ ਜਿਸ ਦੇ ਗਲੇ ਵਿਚੋਂ ਰਸ ਟਪਕਦਾ ਹੈ, ਜਿਸ ਦਾ ਨਾਦ ਸੂਖਸ਼ਮ ਹੈ।

ਤੀਜੇ ਗੁਰੂ ਅਮਰਦਾਸ ਜੀ ਨੇ ਗਉੜੀ ਰਾਗ ਨੂੰ ਅਧਿਆਤਮ ਅਰਥਾਂ ਵਿਚ ਰੂਪਾਂਤਰਿਤ ਕੀਤਾ ਹੈ।

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧੧)

ਗੁਰਬਾਣੀ ਦੇ ਇਸ ਰਾਗ ਧਿਆਨ ਤੇ ਗੁਰਮਤਿ ਪ੍ਰਸੰਗ ਵਿਚ ਅਸੀਂ ਵੀ ਇਸ ਰਾਗ ਦੀ ਇਕ ਰਾਗ ਪੇਟਿੰਗ ਸ. ਦੇਵਿੰਦਰ ਸਿੰਘ ਚੰਡੀਗੜ੍ਹ ਤੇ ਬਾਬਾ ਸੁੱਚਾ ਸਿੰਘ ਜੀ (ਜਵੱਦੀ) ਦੀ ਪ੍ਰੇਰਨਾ ਸਦਕਾ 1992 ਵਿਚ ਬਣਵਾਈ ਸੀ ਜਿਸ ਵਿਚ ਗੁਰੂ ਅਮਰਦਾਸ ਜੀ ਦਾ ਗਉੜੀ ਰਾਗ ਵਿਚ ਦਰਜ ਸਲੋਕ ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥ ਤੇ ਇਸ ਰਾਗ ਵਿਚ ਦਰਜ ਬਾਣੀ ਨੂੰ ਅਧਾਰ ਬਣਾਇਆ ਗਿਆ ਹੈ।

ਗਉੜੀ ਭਾਵੇਂ ਭਾਰਤੀ ਤੇ ਗੁਰਮਤਿ ਸੰਗੀਤ ਵਿਚ ਜਾਣਿਆ ਪਛਾਣਿਆ ਤੇ ਪ੍ਰਚਲਿਤ ਰਾਗ ਤਾਂ ਹੈ ਪਰੰਤੂ ਗਾਇਨ ਵਾਦਨ ਵਿਚ ਬਹੁਤ ਜ਼ਿਆਦਾ ਪ੍ਰਚਲਿਤ ਨਹੀਂ ਕਿਉਂਕਿ ਇਸ ਦੇ ਸੰਗੀਤ ਰੂਪ ਪ੍ਰਸਤੁਤ ਕਰਨ ਲਈ

ਰਾਗਦਾਰੀ ਦੀ ਸੂਖਮ ਸੂਝ ਤੇ ਦੂਸਰੇ ਰਾਗਾਂ ਨਾਲੋਂ ਨਿਖੇੜਣ ਲਈ ਰਾਗ ਕਲਾ ਕੌਸ਼ਲ ਦੀ ਜ਼ਰੂਰਤ ਹੈ। ਗੁਰਮਤਿ ਸੰਗੀਤ ਵਿਚ ਵੀ ਭਾਵੇਂ ਇਸ ਰਾਗ ਦੇ ਪ੍ਰਕਾਰ ਇਕ ਤੋਂ ਵਧੀਕ ਪ੍ਰਚਾਰ ਵਿਚ ਹਨ ਪਰੰਤੂ ਫਿਰ ਵੀ ਕੀਰਤਨੀਏ ਇਸ ਨੂੰ ਸਪੱਸ਼ਟ ਤੇ ਨਿਖੇੜ ਕੇ ਗਾਉਣ ਤੋਂ ਗੁਰੇਜ਼ ਕਰਦਿਆਂ ਘੱਟ ਹੀ ਗਾਉਂਦੇ ਰਹੇ ਹਨ। ਫਿਰ ਵੀ ਸਾਡੇ ਰਾਗ ਸਰੋਤਾਂ ਵਿਚ ਇਸ ਰਾਗ ਦੇ ਵਿਆਖਿਆਕਾਰ ਤੇ ਪ੍ਰਸਤੁਤਕਾਰ ਹਨ।

ਗੁਰਮਤਿ ਸੰਗੀਤ ਵਿਚ ਰਾਗ ਗਉੜੀ ਦੇ ਕੁਝ ਰੂਪ ਉਪਲਬਧ ਹਨ, ਦੋ ਰੂਪ ਭੈਰਵ ਥਾਟ ਵਿਚ; ਦੋ ਪੂਰਵੀ ਥਾਟ ਵਿਚ; ਇਕ ਬਿਲਾਵਲ ਥਾਟ ਵਿਚ ਮਿਲ ਜਾਂਦਾ ਹੈ। ਇੱਥੇ ਇਹ ਸਪੱਸ਼ਟ ਕਰਨਾ ਉਚਿਤ ਹੋਵੇਗਾ ਕਿ ਅਸੀਂ ਇੱਥੇ ਗਉੜੀ ਦੇ ਹੀ ਰਾਗ ਸਰੂਪ ਦੀ ਵਿਚਾਰ ਚਰਚਾ ਕਰ ਰਹੇ ਹਾਂ। ਇਸ ਦੇ ਰਾਗ ਪ੍ਰਕਾਰ ਵੱਖਰੇ ਹਨ ਜਿਨ੍ਹਾਂ ਬਾਰੇ ਅਸੀਂ ਵੱਖਰੇ ਤੌਰ ਤੇ ਚਰਚਾ ਕਰਾਂਗੇ।

ਇਨ੍ਹਾਂ ਰਾਗ ਪ੍ਰਕਾਰਾਂ ਦੇ ਅੰਤਰਗਤ ਮਹਲਾ ੧ ਤੋਂ ਮਹਲਾ ੯ ਤਕ ਪਦੇ, ਦੁਪਦੇ, ਚਉਪਦੇ ਬਾਣੀ ਰਚਨਾਵਾਂ ਅੰਕਿਤ ਹਨ ਜਿਨ੍ਹਾਂ ਦਾ ਅੰਕਣ ਮਹਲਾ ੧ ਤੋਂ ਲੈ ਕੇ ਮਹਲਾ ੯ ਤੱਕ ਕ੍ਰਮਵਾਰ ਹੀ ਰਹਿੰਦਾ ਹੈ। ਇਸ ਉਪਰੰਤ ਅਸ਼ਟਪਦੀ ਤੇ ਫੇਰ ਵਿਸ਼ੇਸ਼ ਬਾਣੀ ਰਚਨਾਵਾਂ ਅੰਕਿਤ ਕੀਤੀਆਂ ਗਈਆਂ ਹਨ। ਰਾਗ ਗਉੜੀ ਦੇ ਅੰਤਰਗਤ ਮਹਲਾ ੧ ਦੇ ਪਦੇ, ਚਉਪਦੇ, ਅਸ਼ਟਪਦੀਆਂ, ਛੰਤ, ਮਹਲਾ ੩ ਦੇ ਪਦੇ, ਅਸ਼ਟਪਦੀਆਂ, ਛੰਤ, ਮਹਲਾ ੪ ਦੇ ਪਦੇ, ਕਰਹਲੇ, ਵਾਰ, ਮਹਲਾ ੫ ਦੇ ਪਦੇ, ਅਸ਼ਟਪਦੀਆਂ, ਛੰਤ, ਬਾਵਨ ਅਖਰੀ, ਸੁਖਮਨੀ, ਤਿਥੀ, ਵਾਰ, ਮਹਲਾ ੯ ਦੇ ਪਦੇ ਅਤੇ ਭਗਤ ਕਬੀਰ ਅਤੇ ਭਗਤ ਨਾਮਦੇਵ ਦੀਆਂ ਬਾਣੀ ਰਚਨਾਵਾਂ ਅੰਕਿਤ ਹਨ।

ਇਸ ਰਾਗ ਵਿਚ ਗੁਰਮਤਿ ਸੰਗੀਤ ਦੇ ਕੁਝ ਸੰਗੀਤ ਰਚਨਾਕਾਰਾਂ ਨੇ ਸ਼ਬਦ ਕੀਰਤਨ ਰਚਨਾਵਾਂ ਕੀਤੀਆਂ ਹਨ ਜਿਨ੍ਹਾਂ ਵਿਚ ਪ੍ਰੋਫ਼ੈਸਰ ਤਾਰਾ ਸਿੰਘ, ਗਿਆਨ ਸਿੰਘ ਐਬਟਾਬਾਦ, ਡਾ. ਗੁਰਨਾਮ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ ਆਦਿ ਦੇ ਨਾਮ ਵਿਸ਼ੇਸ਼ ਹਨ। ਗਾਇਨ ਪੱਖੋਂ ਵੇਖੀਏ ਤਾਂ ਇਸ ਰਾਗ ਵਿਚ ਭਾਈ ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਬਖਸ਼ੀਸ਼ ਸਿੰਘ, ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ, ਡਾ. ਗੁਰਨਾਮ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ.ਸੁਰਿੰਦਰ ਸਿੰਘ ਯੂ.ਕੇ., ਕੁਲਵੰਤ ਸਿੰਘ ਚੰਦਨ, ਪ੍ਰਿੰ. ਸੁਖਵੰਤ ਸਿੰਘ, ਬੀਬੀ ਮਨਜੀਤ ਕੌਰ, ਪ੍ਰੋ. ਹਰਚੰਦ ਸਿੰਘ, ਭਾਈ ਗੁਰਦੇਵ ਸਿੰਘ ਖਾਲਸਾ, ਭਾਈ ਗੁਰਦੇਵ ਸਿੰਘ ਬਟਾਲਾ ਆਦਿ ਦੀ ਰਿਕਾਰਡਿੰਗ ਉਪਲਬਧ ਹੈ।

ਕੀਰਤਨੀਏ ਵੀਰ ਗਉੜੀ ਨੂੰ ਬਹੁਤ ਘੱਟ ਗਾਉਂਦੇ ਹਨ। ਉਮੀਦ ਕਰਦੇ ਹਾਂ ਕਿ ਗੁਰੂ ਦੇ ਇਨ੍ਹਾਂ ਅਲੋਪ ਹੋ ਰਹੇ ਰਾਗਾਂ ਵਿਚ ਬਾਣੀ ਗਾ ਕੇ ਅਸੀਂ ਸ਼ਬਦ ਦਾ ਸਹੀ ਸੰਗੀਤਕ ਸੰਚਾਰ ਵੀ ਕਰਾਂਗੇ ਤੇ ਆਪਣੀ ਰਾਗ ਵਿਰਾਸਤ ਦੀ ਸੰਭਾਲ ਵੀ ਕਰ ਸਕਾਂਗੇ।

ਡੀਨ, ਪ੍ਰੋਫੈਸਰ ਤੇ ਮੁਖੀ (ਰਿ.), ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਬਹੁਭਾਂਤੀ ਸ਼ਖਸੀਅਤ
# ਭਾਈ ਮੋਹਨ ਸਿੰਘ ਘਾਇਲ

**ਕਰਮ ਸਿੰਘ ਰਤਨ**

ਭਾਈ ਮੋਹਨ ਸਿੰਘ ਘਾਇਲ, ਇਕ ਵਧੀਆ ਤੇ ਮਸ਼ਹੂਰ ਤਬਲਾਵਾਦਕ, ਸਮਾਜ ਸੇਵਕ, ਗਰੀਬਾਂ ਦੇ ਹਮਦਰਦ, ਲੋੜਵੰਦਾਂ ਦੇ ਕੰਮ ਆਉਣ ਵਾਲੇ ਅਤੇ ਕਈ ਸਿਆਸੀ ਪਾਰਟੀਆਂ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚੱਲਣ ਵਾਲੇ ਅਤੇ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਦੇ (ਨੂਰੇ ਨਜ਼ਰ) ਅਤੇ ਉੱਚ ਕੋਟੀ ਦੇ ਪ੍ਰਚਾਰਕ ਤੇ ਕੀਰਤਨੀਏ ਹਨ। ਉਹਨਾਂ ਦੇ ਦਾਸ ਦੇ ਰਾਗੀ ਜੱਥੇ (ਕਰਮ ਸਿੰਘ ਰਤਨ) ਦੇ ਨਾਲ ਮਿਲ ਕੇ ਤਖਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਆਪ ਜੀ ਸਫਲ ਟਰਾਂਸਪੋਰਟ ਸਨ। ਇਤਨੇ ਗੁਣਾਂ ਦੇ ਮਾਲਿਕ ਭਾਈ ਸਾਹਿਬ ਮੋਹਨ ਸਿੰਘ ਜੀ ਨਿਮਰਤਾ ਕਾਰਨ ਆਪਣੇ ਆਪ ਨੂੰ ਗੁਰੂ ਦੇ ਦਰਬਾਰ ਵਿਚ ਢੋਲਕੀ ਵਜਾਣ ਵਾਲਾ ਹੀ ਮੰਨਦੇ ਸਨ।

ਆਪ ਜੀ ਤਬਲਾ ਵਜਾਣ ਦੇ ਵਧੀਆ ਕਲਾਕਾਰ ਸਨ। ਆਪ ਜੀ ਦੇ ਹੱਥ ਵਿਚ ਬਹੁਤ ਰਸ ਸੀ। ਆਪ ਜੀ ਜਦੋਂ ਸ਼ਬਦ ਨਾਲ ਮਿਲ ਕੇ ਅਨੰਦ ਵਿਚ ਤਬਲਾ ਵਜਾਂਦੇ ਸਨ, ਤਾਂ ਆਪ ਜੀ ਦੇ ਤਬਲੇ ਦੀ ਲੈਅ ਦੇ ਨਾਲ ਸੰਗਤਾਂ ਵੀ ਝੂਮਣ ਲੱਗ ਪੈਂਦੀਆਂ ਸਨ, ਇਤਨਾ ਮਿੱਚ ਕੇ ਲੈਅ ਵਿੱਚ ਖੁੱਭ ਕੇ ਜਦੋਂ ਤਬਲਾ ਵਜਾਦੇ ਸਨ, ਤਾਂ ਗਾਉਣ ਵਾਲਾ ਰਾਗੀ ਵੀ ਝੂਮ ਉੱਠਦਾ ਸੀ ਤੇ ਉਸ ਦੀ ਗਾਇਕੀ ਵਿਚ ਨਿਰਾਲਾ ਹੀ ਰੰਗ ਬੱਝ ਜਾਂਦਾ ਸੀ।

ਮੈਂ ਸੰਨ 1971 ਵਿਚ ਗੁਰਦੁਆਰਾ ਸਿੰਘ ਸਭਾ ਸਹਾਰਨਪੁਰ ਵਿਖੇ ਕੀਰਤਨ ਦੀ ਡਿਊਟੀ ਲੈ ਲਈ ਅਤੇ ਇਸ ਸਮੇਂ ਮੈਨੂੰ ਤਬਲੇ ਵਾਲੇ ਦੀ ਜ਼ਰੂਰਤ ਸੀ, ਮੈਨੂੰ ਇਹਨਾਂ ਬਾਰੇ ਇਹ ਤਾਂ ਪਤਾ ਸੀ ਕਿ ਭਾ. ਮੋਹਨ ਸਿੰਘ ਜੀ ਤਬਲਾ ਵਜਾਂਦੇ ਸਨ, ਪਰ ਮੈਂ ਸੁਣਿਆ ਨਹੀਂ ਸੀ, ਸੋ ਮੈਨੂੰ ਜਦੋਂ ਲੋੜ ਪਈ, ਤਾਂ ਮੈਂ ਇਹਨਾਂ ਪਾਸ, ਡੇਰਾ ਬਸੀ ਪਹੁੰਚਿਆ, ਮੈਂ ਸੋਚਿਆ ਕਿ ਚਲੋ ਜਿਹੋ ਜਿਹਾ ਵੀ ਵਜਾਣਗੇ ਕੰਮ ਤਾਂ ਚਲਾਵਾਂਗੇ। ਫਿਰ ਹੋਰ ਕੋਈ ਚੰਗਾ ਤਬਲੇ ਵਾਲਾ ਵੇਖ ਲਵਾਂਗੇ। ਇਹ ਸੋਚ ਕੇ ਮੈਂ ਇਹਨਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਮੇਰਾ ਸਾਥ ਤਬਲੇ ਤੇ ਦਿਉ, ਸਹਾਰਨਪੁਰ ਵਿਖੇ। ਇਹਨਾਂ ਮੇਰੀ ਬੇਨਤੀ ਮੰਨ ਲਈ ਤੇ ਸਾਥ ਦੇਣ ਲਈ ਸਹਾਰਨਪੁਰ ਆ ਗਏ। ਮੈਂ ਉਦੋਂ ਹਾਲੇ ਨਵਾਂ ਨਵਾਂ ਹੀ ਜੱਥਾ ਬਣਾਇਆ ਸੀ, ਤੇ ਸਹਾਰਨਪੁਰ ਸਿੰਘ ਸਭਾ ਵਿਖੇ ਪਹਿਲੇ ਭਾ. ਹਰਨਾਮ ਸਿੰਘ ਰਾਗੀ ਹੋਏ ਸਨ ਜੋ ਕਿ ਭਾਈ ਸਾਹਿਬ ਭਾ. ਸਮੁੰਦ ਸਿੰਘ ਜੀ ਦੇ ਸ਼ਾਗਿਰਦ ਸਨ, ਪੁਰਾਣੇ ਤੇ ਸਿਆਣੇ ਕਰੀਤਨੀਏ ਸਨ ਅਤੇ ਸਹਾਰਨਪੁਰ ਦੀ ਸੰਗਤ ਤੇ ਉਹਨਾਂ ਦਾ ਬੜਾ ਪ੍ਰਭਾਵ ਸੀ ਅਤੇ ਉਹਨਾਂ ਨੇ ਸੰਗਤ ਤੋਂ ਤਿੰਨ ਮਹੀਨੇ ਦੀ ਛੁੱਟੀ ਲਈ ਵਿਦੇਸ਼ ਜਾਣ ਵਾਸਤੇ ਉਹਨਾਂ ਦੇ ਛੁੱਟੀ ਦੇ ਸਮੇਂ ਤਿੰਨ ਮਹੀਨੇ ਵਾਸਤੇ ਸਾਨੂੰ ਰੱਖਿਆ ਗਿਆ। ਇਤਨੇ ਵੱਡੇ ਜੱਥੇ ਦੇ ਪ੍ਰਭਾਵ ਬਦਲੇ ਆਪਣਾ ਪ੍ਰਭਾਵ ਪਾਉਣਾ ਬੜਾ ਹੀ ਔਖਾ ਲਗਦਾ ਸੀ ਕਿਉਂਕਿ ਅਸੀਂ ਹਾਲੇ ਨਵੇਂ ਤੇ ਅਨਾੜੀ ਕੀਰਤਨੀਏ ਸਾਂ; ਭਾ. ਹਰਨਾਮ ਸਿੰਘ ਜੀ ਚਲੇ ਗਏ ਤੇ ਅਸੀਂ ਡਿਊਟੀ ਸ਼ੁਰੂ ਕਰ ਦਿੱਤੀ, ਰੋਜ਼ ਹੀ ਕੀਰਤਨ ਤੋਂ ਬਾਅਦ ਇਕ ਦੋ ਸੱਜਣ ਸਾਡੇ ਅੱਗੇ ਭਾ. ਹਰਨਾਮ ਸਿੰਘ ਰਾਗੀ ਦੇ ਕੀਰਤਨ ਬਾਰੇ ਸਾਨੂੰ ਦੱਸਣ ਕਿ ਉਹ ਇੰਝ ਕੀਰਤਨ ਕਰਦੇ ਸਨ, ਉਹ ਐਸਾ ਕੀਰਤਨ ਕਰਦੇ ਸਨ। ਤਾਂ ਅਸੀਂ ਏਹੀ ਜਵਾਬ ਦੇਂਦੇ ਸਾਂ ਕਿ ਉਹਨਾਂ ਦੇ ਤਜਰਬੇ ਦੇ ਸਾਲਾਂ ਜਿੰਨੀ ਸਾਡੀ ਹਾਲੇ ਉਮਰ ਵੀ ਨਹੀਂ ਹੋਈ। ਸੋ ਭਾਈ ਮੋਹਨ ਸਿੰਘ ਜੀ ਨੇ ਐਸਾ ਮਿੱਚ ਕੇ ਸਾਡੇ ਨਾਲ ਤਬਲਾ ਵਜਾਇਆ ਕਿ ਸਾਡੀ ਜੈ ਜੈ ਕਾਰ ਹੋ ਗਈ। ਜਦੋਂ ਇਕ ਮਹੀਨਾ ਬੀਤ ਗਿਆ ਤਾਂ ਲੋਕ ਸਾਨੂੰ ਵੀ ਭਾਈ ਹਰਨਾਮ ਸਿੰਘ ਵਾਂਗ ਪਿਆਰਨ ਅਤੇ ਸਤਿਕਾਰਨ ਲੱਗ ਪਏ।

ਭਾ. ਹਰਨਾਮ ਸਿੰਘ ਜੀ ਛੇ ਮਹੀਨੇ ਲਗਾ ਕੇ ਵਾਪਸ ਆਏ, ਤਾਂ ਅਸੀਂ ਨੈਤਿਕਤਾ ਦੇ ਆਧਾਰ ਤੇ ਅਸਤੀਫਾ ਦੇ ਦਿੱਤਾ ਕਿ ਇਸ ਸਟੇਜ ਦੇ ਮਾਲਿਕ ਹੁਣ ਵਾਪਸ ਆ ਗਏ ਹਨ, ਇਸ ਲਈ ਸਾਨੂੰ ਛੁੱਟੀ ਦੇ ਦਿਉ, ਤਾਂ ਸੰਗਤ ਨੇ ਰੌਲਾ ਪਾ ਦਿੱਤਾ ਕਿ ਅਸੀਂ ਭਾ. ਕਰਮ ਸਿੰਘ ਨੂੰ ਜਾਣ ਨਹੀਂ ਦੇਣਾ, ਤਾਂ ਪ੍ਰਬੰਧਕਾਂ ਨੂੰ ਦੋਵੇਂ ਹੀ ਜੱਥੇ ਰੱਖਣੇ ਪਏ ਅਤੇ ਸਾਡੇ ਕੀਰਤਨ ਤੋਂ ਖੁਸ਼ ਹੋ ਕੇ ਸਹਾਰਨਪੁਰ ਦੀ ਸੰਗਤ ਨੇ ਹੀ ਮੈਨੂੰ ਇਹ (ਤਖੱਲਸ) ਨਾਮ 'ਰਤਨ' ਦਿੱਤਾ ਸੀ ਤੇ ਜਦੋਂ ਅਸੀਂ ਸਹਾਰਨਪੁਰ ਤੋਂ ਨੌਕਰੀ ਛੱਡ ਕੇ ਗਏ ਤਾਂ ਰੇਲਵੇ ਤੇ ਸਾਨੂੰ ਵਿਦਾਅ ਕਰਨ ਲਈ ਘੱਟੋ ਘੱਟ ਤਿੰਨ ਚਾਰ ਹਜ਼ਾਰ ਬੰਦੇ ਸੀ, ਜੋ ਸਾਨੂੰ ਫੁੱਲਾਂ ਦੇ ਹਾਰ ਪਾ ਕੇ ਤੇ ਵਿਦਾਅ ਕਰਨ ਲਈ ਆਏ ਸਨ, ਮੇਰੇ ਖਿਆਲ ਵਿਚ ਐਸਾ

ਸ਼ਹਾਨਾ ਸਵਾਗਤ ਅੱਜ ਤੱਕ ਕਿਸੇ ਰਾਗੀ ਜੱਥੇ ਦਾ ਨਹੀਂ ਹੋਇਆ ਹੋਣਾ ਜੋ ਸਾਡਾ ਹੋਇਆ।

ਇਹ ਸਭ ਕੀਰਤਨ ਦੇ ਰਸ ਦਾ ਪ੍ਰਭਾਵ ਸੀ, ਜੋ ਕਿ ਭਾ. ਮੋਹਨ ਸਿੰਘ ਨੇ ਤਬਲਾ ਵਜਾ ਕੇ ਕੀਰਤਨ 'ਚ ਘੋਲਿਆ ਸੀ। ਉਸ ਤੋਂ ਬਾਅਦ ਭਾ. ਮੋਹਨ ਸਿੰਘ ਘਾਇਲ ਜੀ ਮੇਰੇ ਨਾਲ ਸੰਨ 1979 ਤਕ ਰਹੇ, ਤਕਰੀਬਨ ਅੱਠ ਸਾਲ ਅਸੀਂ ਇਕੱਠੇ ਰਹੇ ਅਤੇ ਬੰਬਈ ਵਿਖੇ, ਚਾਰ ਫਿਲਮੀ ਕਲਾਕਰਾਂ ਦੇ ਘਰ ਕੀਰਤਨ ਕੀਤੇ, ਜਿਹਨਾਂ ਵਿਚ. ਸ. ਦਾਰਾ ਸਿੰਘ, ਅਤੇ ਬੀ. ਆਰ. ਚੋਪੜਾ ਦੇ ਸਟੂਡੀਓ, ਫਿਰ ਐਕਟਰ ਪ੍ਰਾਣ ਦੇ ਘਰ, ਅਤੇ ਇਕ ਕੀਰਤਨ ਓ.ਪੀ. ਨਯਰ ਮਿਊਜ਼ਿਕ ਡਾਇਰੈਕਟਰ ਦੇ ਘਰ, ਇਹਨਾਂ ਦਿਨਾਂ ਵਿਚ ਭਾ. ਮੋਹਨ ਸਿੰਘ ਜੀ ਘਾਇਲ ਮੇਰੇ ਨਾਲ ਸਨ ਅਤੇ ਇਹਨਾਂ ਹਸਤੀਆਂ ਦੇ ਘਰ ਕੀਰਤਨ ਕਰਨ ਵੇਲੇ ਦੀਆਂ ਫੋਟੋਆਂ ਵੀ ਮੇਰੇ ਪਾਸ ਮੌਜ਼ੂਦ ਹਨ।ਉਹਨਾਂ ਦਿਨਾਂ ਵਿਚ ਹੀ ਇਕ ਫਿਲਮ ਬਣ ਰਹੀ ਸੀ। (ਚਿੱਤਰ ਚੋਰ) ਜਿਸ ਵਿਚ ਸੰਗੀਤ ਕਾਰ ਰਵਿੰਦਰ ਜੈਨ ਨੇ ਸੰਗੀਤ ਦਿੱਤਾ ਹੈ, ਉਸ ਫਿਲਮ ਵਿਚ ਇਕ ਗਾਣਾ ਹੈ। (ਜਬ ਸ਼ਾਮ ਢਲੇ ਆਨਾ ਜਬ ਦੀਪ ਜਲੇ ਆਨਾ) ਏਹ ਟੀਊਨ ਸਾਡੇ ਉਸਤਾਦ ਭਾ. ਸੰਤੋਖ ਸਿੰਘ ਜੀ ਹੈ, ਜੋ ਸ਼ਬਦ ਹੈ (ਮੇਰੇ ਲਾਲਨ ਕੀ ਸੋਭਾ) ਏਹ ਸ਼ਬਦ ਮੈਂ ਬੀ.ਆਰ. ਚੋਪੜਾ ਦੇ ਘਰ ਪੜ੍ਹਿਆ ਸੀ ਤੇ ਰਵਿੰਦਰ ਜੈਨ ਉੱਥੇ ਬੈਠਾ ਕੀਰਤਨ ਸੁਣ ਰਿਹਾ ਸੀ, ਕੋਈ ਇਕ ਮਹੀਨੇ ਬਾਅਦ ਰਵਿੰਦਰ ਜੈਨ ਨਾਲ ਫਿਰ ਸਾਡੀ ਭੇਟ ਹੋਈ ਅਤੇ ਉਹਨਾਂ ਦੇ ਦੱਸਿਆ ਕਿ ਕਿ ਵੋਹ ਆਪ ਕੀ ਟੀਊਨ ਹਮ ਨੇ ਫਿਲਮ 'ਚਿੱਤਚੋਰ' ਮੇਂ ਦੇਦੀ। ਇਹ ਮੇਰੇ ਕੀਰਤਨ ਵਿਚ ਇਤਨਾ ਰਸ ਪਾਉਣ ਵਾਲੇ ਭਾ. ਮੋਹਨ ਸਿੰਘ ਘਾਇਲ ਹੀ ਸਨ।

ਭਾਈ ਮੋਹਨ ਸਿੰਘ ਜੀ ਦਾ ਜਨਮ ਅਗਸਤ ਸੰਨ 1922 ਵਿਚ ਪਿੰਡ ਚੱਕ ਨੰਬਰ 60 (ਸ਼ਾਹਬਲੀ) ਤਹਿਸੀਲ ਬੁਲਵਾ ਜ਼ਿਲ੍ਹਾ ਸਰਗੋਧਾ ਪਾਕਿਸਤਾਨ ਵਿਖੇ, ਸ. ਆਤਮਾ ਸਿੰਘ ਪਿਤਾ ਅਤੇ ਮਾਤਾ ਸਤਵੰਤ ਕੌਰ ਦੇ ਘਰ ਹੋਇਆ। ਆਪ ਤੋਂ ਵੱਡੀਆਂ ਦੋ ਭੈਣਾਂ ਸਨ ਬੀਬੀ ਨਾਨਕੀ ਤੇ ਦੂਜੀ ਚਰਨਜੀਤ ਕੌਰ ਅਤੇ ਆਪ ਜੀ ਤੀਜੇ ਨੰਬਰ ਤੇ ਪਿਤਾ ਦੇ ਇਕਲੌਤੇ ਪੁੱਤਰ ਹਨ। ਆਪ ਜੀ ਹਾਲੇ 40 ਦਿਨਾਂ ਦੇ ਹੀ ਸਨ, ਪਿਤਾ ਸ. ਆਤਮਾ ਸਿੰਘ ਜੀ ਚੜ੍ਹਾਈ ਕਰ ਗਏ, ਬਾਅਦ ਵਿਚ ਮਾਤਾ ਜੀ ਦੀ ਦੇਖ ਰੇਖ ਵਿਚ ਪਲੇ ਤੇ ਵੱਡੇ ਹੋਏ। ਪਿਤਾ ਜੀ ਦੇ ਨਾ ਹੋਣ ਕਾਰਨ ਸਕੂਲ ਦੀ ਪੜ੍ਹਾਈ ਪੰਜਵੀਂ ਕਲਾਸ ਤਕ ਹੀ ਕੀਤੀ, ਸੰਨ 1932 ਤਕ ਆਪ ਜੀ ਨੇ ਸਕੂਲ ਦੀ ਪੜ੍ਹਾਈ ਕੀਤੀ, ਫਿਰ ਮਾਤਾ ਜੀ ਨੇ ਇਹਨਾਂ ਨੂੰ ਸਰਗੋਧੇ ਦੇ ਯਤੀਮ ਖਾਨੇ ਵਿਚ ਦਾਖਲ ਕਰਵਾ ਦਿੱਤਾ, ਸਰਗੋਧੇ ਯਤੀਮ ਖਾਨੇ ਵਿਚ ਭਾ. ਰਘਬੀਰ ਸਿੰਘ ਰਾਗੀ ਸਨ, ਜੋ ਕਿ ਮੇਰੇ ਨਾਨਕੇ ਪਿੰਡ ਜਫਾਪੁਰ (ਗੋਜਰੇ) ਕੋਲ ਜ਼ਿਲ੍ਹਾ ਲਾਇਲਪੁਰ ਦੇ ਸਨ, ਇਹ ਬੱਚਿਆਂ ਨੂੰ ਸਿੱਖਿਆ ਦੇਂਦੇ ਸਨ, ਉਹਨਾਂ ਤੋਂ ਭਾਈ ਮੋਹਨ ਸਿੰਘ ਜੀ ਨੇ ਪੰਜਾਬੀ ਵੀ ਪੜ੍ਹੀ, ਅਤੇ ਕੀਰਤਨ ਅਤੇ ਤਬਲੇ ਦੀ ਸਿੱਖਿਆ ਵੀ ਲਈ।

ਉਸ ਸਮੇਂ ਭਾ. ਮਾਨ ਸਿੰਘ ਜੀ ਦਾ ਰਾਗੀ ਜੱਥਾ ਸੀ, ਜਿਹਨਾਂ ਦੇ ਦੋ ਭਰਾ, ਭਾ. ਸੋਹਣ ਸਿੰਘ ਤੇ ਸਰੂਪ ਸਿੰਘ ਸਨ, ਇਹਨਾਂ ਵਿਚੋਂ ਭਾ. ਸੋਹਣ ਸਿੰਘ ਨਾਲ ਇਹਨਾਂ ਦੀ ਭੈਣ ਨਾਨਕੀ ਦੀ ਸ਼ਾਦੀ ਹੋ ਗਈ ਸੀ। ਯਤੀਮਖਾਨੇ ਤੋਂ ਵਾਪਸ ਆ ਕੇ ਭਾ. ਮੋਹਨ ਸਿੰਘ ਜੀ ਨੇ ਆਪਣੇ ਜੀਜੇ ਭਾ. ਸੋਹਣ ਸਿੰਘ ਜੀ ਪਾਸੋਂ ਪੂਰਨ ਤੌਰ ਤੇ ਤਬਲੇ ਦੀ ਸਿੱਖਿਆ ਲਈ, ਪਹਿਲੇ ਇਹਨਾਂ ਤਿੰਨਾਂ ਭਰਾਵਾਂ ਦਾ ਰਾਗੀ ਜੱਥਾ ਸੀ, ਭਾ. ਮਾਨ ਸਿੰਘ, ਸਰੂਪ ਸਿੰਘ ਤੇ ਸੋਹਣ ਸਿੰਘ ਜੀ ਦਾ ਫਿਰ ਇਹਨਾਂ ਨੇ ਭਾ. ਮੋਹਨ ਸਿੰਘ ਜੀ ਨੂੰ ਨਾਲ ਲੈ ਲਿਆ ਤੇ ਚਾਰ ਬੰਦਿਆਂ ਦਾ ਜੱਥਾ ਬਣ ਗਿਆ, ਭਾ. ਮਾਨ ਸਿੰਘ ਹੈੱਡ ਰਾਗੀ, ਭਾ. ਸਰੂਪ ਸਿੰਘ ਸਹਾਇਕ ਰਾਗੀ ਅਤੇ ਭਾ. ਸੋਹਣ ਸਿੰਘ ਜੀ ਤਾਉਸ (ਦਿਲਰੁਬਾ) ਵਜਾਂਦੇ ਸਨ, ਤੇ ਭਾਈ ਮੋਹਨ ਸਿੰਘ ਜੀ ਤਬਲੇ ਦੀ ਸੇਵਾ ਕਰਦੇ ਸਨ। ਇਹ ਜੱਥਾ ਕਿਸੇ ਪ੍ਰੋਗਰਾਮ ਤੇ (ਲਾਲਾ ਮੂਸਾ) ਗਿਆ, ਤਾਂ ਉਥੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕਾਂ ਨੇ ਤੇ ਸੰਗਤ ਨੇ ਪੱਕੇ ਤੌਰ ਤੇ ਰੱਖ ਲਿਆ ਉਸ ਤੋਂ ਬਾਅਦ ਇਸ ਜੱਥੇ ਦੀ ਚੜ੍ਹਦੀ ਕਲਾ ਹੁੰਦੀ ਗਈ ਤੇ ਇਹਨਾਂ ਪਿੱਛੇ ਮੁੜ ਕੇ ਨਹੀਂ ਦੇਖਿਆ, ਇਹ ਇਸ ਜੱਥੇ ਦੀ ਪਹਿਲੀ ਨੌਕਰੀ ਸੀ, ਅਤੇ ਇਥੇ ਆਪ ਜੀ ਸੰਨ 1939 ਤੋਂ ਸੰਨ 1939 ਤੋਂ ਸੰਨ 1940 ਤਕ ਦੋ ਸਾਲ ਲਾਲੇ ਮੂਸੇ ਕੀਰਤਨ ਦੀ ਸੇਵਾ ਨਿਭਾਈ, ਉਸ ਤੋਂ ਬਾਅਦ ਸੰਨ 1941 ਵਿਚ ਗੁਰਦੁਆਰਾ ਸਿੰਘ ਸਭਾ ਰਾਵਲਪਿੰਡੀ ਰਹੇ ਇਕ ਸਾਲ, ਫਿਰ ਸੰਨ 1942 ਵਿਚ ਗੁਰਦੁਆਰਾ ਮੰਡੀ ਬਹਾਊਦੀਨ, ਜ਼ਿਲ੍ਹਾ, ਗੁਜਰਾਤ ਵਿਚ ਆ ਕੇ ਇਕ ਸਾਲ ਰਹੇ, ਫਿਰ ਸੰਨ 1943 ਵਿਚ ਗੁਰਦੁਆਰਾ ਪੰਜਾ ਸਾਹਿਬ ਦੋ ਮਹੀਨੇ ਕੀਰਤਨ ਦੀ ਫਰੀ ਸੇਵਾ

ਕੀਤੀ, ਫਿਰ ਸੰਨ 1943 ਵਿਚ ਹੀ ਆਪ ਜੀ ਦਾ ਜੱਥਾ ਪੰਜਾ ਸਾਹਿਬ ਤੋਂ ਗੁਰਦੁਆਰਾ ਭਾ. ਜੋਗਾ ਸਿੰਘ ਪਿਸ਼ੌਰ ਵਿਖੇ ਆ ਗਿਆ, ਤੇ ਦੋ ਸਾਲ ਏਥੇ ਕੀਰਤਨ ਦੀ ਡਿਊਟੀ ਕੀਤੀ, ਅਤੇ ਫਿਰ ਸੰਨ 1945 ਵਿਚ ਇਹ ਘਰ ਆ ਗਏ ਤੇ ਇਕ ਸਾਲ ਆਪਣੇ ਪਿੰਡ ਹੀ ਰਹੇ ਅਤੇ ਫਿਰ ਅਪ੍ਰੈਲ 1946 ਵਿਚ ਇਹ ਰਾਗੀ ਜੱਥਾ ਗੁਰਦੁਆਰਾ ਸਿੰਘ ਸਭਾ 3 ਬਲਾਕ ਸਰਗੋਧੇ ਆ ਕੇ ਲਗ ਗਿਆ ਤੇ ਜਨਵਰੀ 1947 ਤਕ ਸਰਗੋਧੇ ਆ ਕੇ ਲਗ ਪਿਆ ਤੇ ਜਨਵਰੀ 1947 ਤਕ ਸਰਗੋਧੇ ਰਹੇ, ਇਹਨਾਂ ਦਿਨਾਂ ਵਿਚ ਹੀ ਆਪ ਦਾ ਰਿਸ਼ਤਾ ਹੋ ਗਿਆ, ਬੀਬੀ ਨਾਨਕੀ, ਸਪੁੱਤਰੀ ਸ. ਖਜ਼ਾਨ ਸਿੰਘ, ਮਾਤਾ ਭਿਰਾਵਾਂ ਦੇਈ ਦੀ ਬੇਟੀ, ਪਿੰਡ ਕਾਜਲਾ। ਜ਼ਿਲ੍ਹਾ ਸਰਗੋਧਾ ਨਾਲ ਤੈਅ ਹੋ ਗਿਆ। ਤੇ ਸੰਨ 1947 ਦੇ ਸ਼ੁਰੂ ਵਿਚ ਇਹ ਜੱਥਾ ਗੁਰਦੁਆਰਾ ਸ਼ਹੀਦ ਗੰਜ ਲਾਹੌਰ ਵਿਖੇ ਆ ਗਿਆ ਤੇ 31 ਜੁਲਾਈ ਸੰਨ 1947 ਤਕ ਏਥੇ ਡਿਊਟੀ ਕੀਤੀ, ਕਿਉਂਕਿ ਦੇਸ਼ ਵੰਡ ਦਾ ਰੌਲਾ ਪੈ ਚੁੱਕਾ ਸੀ ਸੋ ਇਹ ਜੱਥਾ ਵਾਪਸ ਪਿੰਡ ਆ ਗਿਆ। ਇਹਨਾਂ ਦੇ ਪਿੰਡ ਤੇ ਮੁਸਲਮਾਨਾਂ ਨੇ ਹੱਲਾ ਬੋਲ ਦਿੱਤਾ, ਪਰ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ। ਏਸ ਲੜਾਈ ਵਿਚ ਇਹਨਾਂ ਦੇ ਜੀਜੇ ਭਾਈ ਸੋਹਣ ਸਿੰਘ ਜੀ ਦੋਨੋਂ ਭਾਈ ਮਾਨ ਸਿੰਘ ਤੇ ਸਰੂਪ ਸਿੰਘ ਜੀ ਸ਼ਹੀਦ ਹੋ ਗਏ ਅਤੇ ਇਹ ਸਾਰੇ ਪਰਿਵਾਰ ਪਿੰਡ ਛੱਡ ਕੇ ਤੇ ਸਰਗੋਧੇ ਕੈਂਪ ਵਿਚ ਆ ਗਏ। ਰੌਲੇ ਕਰਕੇ ਮਾਹੌਲ ਨੂੰ ਵੇਖਦੇ ਹੋਏ ਇਹਨਾ ਦੇ ਸਹੁਰੇ ਪਰਿਵਾਰ ਨੇ ਜ਼ੋਰ ਦਿੱਤਾ ਕਿ ਤੁਸੀਂ ਵਿਆਹ ਕਰਕੇ ਕੁੜੀ ਨਾਲ ਹੀ ਲੈ ਜਾਓ, ਸੋ ਉਸ ਐਮਰਜੈਂਸੀ ਵਿਚ ਸਰਗੋਧੇ ਸਿੰਘ ਸਭਾ ਗੁਰਦੁਆਰੇ ਲਾਵਾਂ ਫੇਰੇ ਲੈ ਕੇ ਤੇ ਪਤਨੀ ਨੂੰ ਨਾਲ ਲੈ ਕੇ ਉਥੋਂ ਗੱਡੀ ਚੜ੍ਹ ਆਏ ਤੇ ਸਰਗੋਧੇ ਤੋਂ ਚਲ ਕੇ ਟਰੇਨ ਤੋਂ ਅੰਬਾਲਾ ਸ਼ਹਿਰ, ਬਲਦੇਵ ਨਗਰ ਕੈਂਪ ਵਿਚ ਆ ਗਏ। ਤੇ ਏਥੇ ਕੁਛ ਸਾਲ ਰਹੇ, ਬਾਅਦ ਵਿਚ ਆਪ ਜੀ ਦੇ ਸਾਰੇ ਪ੍ਰਵਾਰ ਜੀਜੇ ਭਾ. ਸੋਹਣ ਸਿੰਘ ਸਮੇਤ ਡੇਰਾ ਬਸੀ ਜ਼ਿਲ੍ਹਾ ਪਟਿਆਲਾ ਵਿਖੇ ਆ ਕੇ ਵਸ ਗਏ। ਏਥੇ ਭਾ. ਸੋਹਣ ਸਿੰਘ ਨਾਲ ਹੀ ਜੱਥੇ ਵਿਚ ਹੀ ਕੀਰਤਨ ਦੀ ਸੇਵਾ ਕਰਦੇ ਰਹੇ। ਉਸ ਤੋਂ ਬਾਅਦ ਰਾਜਪੁਰੇ ਵਾਲੇ ਮਸ਼ਹੂਰ ਤੇ ਪ੍ਰਸਿੱਧ ਉਸਤਾਦ ਕੀਰਤਨੀਏ ਸੰਤ ਕਰਤਾਰ ਸਿੰਘ ਪ੍ਰਵਾਨਾ ਜੀ ਨਾਲ ਆਪ ਜੀ ਦੀ ਮੁਲਾਕਾਤ ਹੋ ਗਈ, ਤਾਂ ਸੰਤ ਕਰਤਾਰ ਸਿੰਘ ਜੀ ਨੇ ਆਪਣੇ ਨਾਲ ਤਬਲੇ ਤੇ ਲੈ ਲਿਆ ਤੇ ਪ੍ਰਵਾਨਾ ਜੀ ਨੇ ਭਾ. ਮੋਹਨ ਸਿੰਘ ਨੂੰ ਤਬਲੇ ਤੇ ਨਾਲ ਲੈ ਕੇ ਪੱਛਮੀ ਬੰਗਾਲ ਦਾ ਦੌਰਾ ਕੀਤਾ, ਤਾਂ ਉਸ ਸਮੇਂ ਭਾ. ਧਰਮ ਸਿੰਘ ਜ਼ਖਮੀ ਜੀ ਦੀ ਬੰਗਾਲ ਵਿਚ ਮਸ਼ਹੂਰੀ ਸੀ, ਭਾ. ਧਰਮ ਸਿੰਘ ਜ਼ਖਮੀ ਜੀ ਬੰਗਾਲ, ਦੀ ਸੰਗਤ ਦੀ ਮਨਾਂ ਤੇ ਛਾਏ ਹੋਏ ਸਨ। ਪਰ ਸੰਤ ਕਰਤਾਰ ਸਿੰਘ ਪਰਵਾਨਾ ਜੀ ਦੇ ਕੀਰਤਨ ਨੇ ਭਾਈ ਧਰਮ ਸਿੰਘ ਜਖਮੀ ਵਾਂਗ ਹੀ ਬੜੀ ਵਾਹ ਵਾਹ ਖੱਟੀ। ਸੰਨ 1961 ਵਿਚ ਭਾ. ਮੋਹਨ ਸਿੰਘ ਘਾਇਲ ਨੇ ਪ੍ਰਵਾਨਾ ਜੀ ਦਾ ਸਾਥ ਛੱਡ ਦਿੱਤਾ ਤੇ ਮਨ ਇਤਨਾ ਉਚਾਟ ਹੋ ਗਿਆ ਕਿ ਆਪ ਨੇ ਫੈਸਲਾ ਕਰ ਲਿਆ ਕਿ ਹੁਣ ਤਬਲਾ ਵਜਾਣਾ ਹੀ ਨਹੀਂ ਤੇ ਆਪ ਜੀ ਲੁਧਿਆਣੇ ਆ ਕੇ ਰਿਕਸ਼ਾ ਚਲਾਉਣ ਲੱਗ ਪਏ। ਸੰਨ 1961 ਤੋਂ ਲੈ ਕੇ 1965 ਤਕ ਤਕਰੀਬਨ ਚਾਰ ਸਾਲ ਰਿਕਸ਼ਾ ਚਲਾ ਕੇ ਰੋਟੀ ਕਮਾਂ ਦੇ ਰਹੇ। ਉਹਨੀ ਦਿਨੀ ਅਚਾਨਕ ਹੀ ਇਕ ਦਿਨ ਸ: ਗੁਰਚਰਨ ਸਿੰਘ ਟੌਹੜਾ ਨਾਲ ਆਪ ਦਾ ਮਿਲਾਪ ਹੋ ਗਿਆ। ਉਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਸਨ ਤੇ ਟੌਹੜਾ ਸਾਹਿਬ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸਨ। ਟੌਹੜਾ ਸਾਹਿਬ ਰੇਲ ਤੇ ਲੁਧਿਆਣੇ ਆਏ, ਤੇ ਸਟੇਸ਼ਨੋਂ ਬਾਹਰ ਆ ਕੇ ਗੁਰਦੁਆਰਾ ਸਿੰਘ ਸਭਾ ਕਲਗੀਧਰ ਜਾਣਾ ਸੀ। ਭਾਈ ਮੋਹਨ ਸਿੰਘ ਜੀ ਦੇ ਰਿਕਸ਼ੇ ਤੇ ਆ ਬੈਠੇ ਤਾਂ ਗੁਰਦੁਆਰੇ ਆ ਕੇ ਜਦੋਂ ਟੌਹੜਾ ਸਾਹਿਬ, ਭਾਈ ਮੋਹਨ ਸਿੰਘ ਜੀ ਨੂੰ ਪੈਸੇ ਦੇਣ ਲੱਗੇ ਤਾਂ ਭਾਈ ਮੋਹਨ ਸਿੰਘ ਜੀ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਮੈਂ ਆਪ ਜੀ ਤੋਂ ਪੈਸੇ ਨਹੀਂ ਲੈਣੇ ਤਾਂ ਟੌਹੜਾ ਸਾਹਿਬ ਨੇ ਕਾਰਨ ਪੁੱਛਿਆ ਤਾਂ ਮੋਹਨ ਸਿੰਘ ਜੀ ਕਹਿਣ ਲੱਗੇ ਆਪ ਜੀ ਬੜੇ ਪ੍ਰਤਿਸ਼ਠ ਸੱਜਣ ਹੋ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹੋ। ਇਸ ਲਈ ਮੇਰੇ ਮਨ ਵਿਚ ਆਪ ਜੀ ਦਾ ਸਤਿਕਾਰ ਹੈ। ਸੋ ਮੈਂ ਆਪ ਤੋਂ ਪੈਸੇ ਨਹੀਂ ਲੈਣੇ। ਤਾਂ ਟੌਹੜਾ ਸਾਹਿਬ ਕਹਿਣ ਲੱਗੇ ਕਿ ਜੇ ਮੇਰੇ ਲਾਇਕ ਕੋਈ ਕੰਮ ਹੋਵੇ ਤਾਂ ਜ਼ਰੂਰ ਦੱਸਣਾ, ਹੱਛਾ ਇਹ ਦੱਸੋ ਕਿ ਮੈਂ ਤੁਹਾਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਲਵਾ ਦੇਵਾਂ, ਦੱਸੋ ਤੁਸੀਂ ਕਿਹੜਾ ਕੰਮ ਕਰ ਸਕਦੇ ਹੋ? ਤਾਂ ਇਹਨਾਂ ਕਿਹਾ ਕਿ ਮੈਂ ਤਬਲਾ ਵਜਾ ਲੈਂਦਾ ਹਾਂ ਅਤੇ ਪਹਿਲੇ ਚੰਗੇ ਚੰਗੇ ਰਾਗੀਆਂ ਨਾਲ ਵਜਾਇਆ ਹੈ, ਤਾਂ ਟੌਹੜਾ ਸਾਹਿਬ ਕਹਿਣ ਲੱਗੇ, ਤਾਂ ਠੀਕ ਹੈ ਮੈਂ ਤੁਹਾਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਤਬਲੇ ਦੀ ਸੇਵਾ ਦਿਵਾ ਦੇਂਦਾ ਹਾਂ।

ਭਾਈ ਉੱਤਮ ਸਿੰਘ ਪਤੰਗ ਜੀ ਨੇ ਜੁਲਾਈ 1965 ਵਿਚ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਕੀਰਤਨ ਦੀ ਡਿਊਟੀ ਸ਼ੁਰੂ ਕੀਤੀ ਸੀ ਅਤੇ ਉਹਨਾਂ ਨੇ ਦਾਸ ਨੂੰ ਨਾਲ ਤਬਲਾ ਵਜਾਣ ਲਈ ਰੱਖਿਆ ਤੇ ਭਾਈ

ਅਮੀਰ ਸਿੰਘ ਨੂੰ ਸਹਾਇਕ ਰਾਗੀ ਨਾਲ ਰੱਖਿਆ। ਸੋ ਸੰਨ 1965 ਜੁਲਾਈ ਤੋਂ ਲੈ ਕੇ 30 ਅਪ੍ਰੈਲ 1966 ਤਕ ਮੈਂ ਪਤੰਗ ਜੀ ਨਾਲ ਤਬਲਾ ਵਜਾਣ ਦੀ ਸੇਵਾ ਨਿਭਾਈ, ਉਸ ਤੋਂ ਬਾਅਦ ਮੈਂ ਏਥੋਂ ਨੌਕਰੀ ਛੱਡ ਕੇ ਦਿੱਲੀ ਚਲਾ ਗਿਆ ਤੇ ਉਥੇ ਗੁਰਦੁਆਰਾ ਸੰਤ ਪੁਰਾ ਤਿਲਕ ਨਗਰ ਨਵੀਂ ਦਿੱਲੀ ਵਿਖੇ, ਆਪਣਾ ਰਾਗੀ ਜੱਥਾ ਬਣਾ ਕੇ ਕੀਰਤਨ ਬਣਾ ਕੇ ਕੀਰਤਨ ਦੀ ਡਿਊਟੀ ਕਰ ਲਈ। ਮੇਰੇ ਜਾਣ ਤੋਂ ਕੁਛ ਮਹੀਨੇ ਬਾਅਦ ਟੌਹੜਾ ਸਾਹਿਬ ਨੇ ਭਾ. ਮੋਹਨ ਸਿੰਘ ਜੀ ਨੂੰ ਭਾ. ਉੱਤਮ ਸਿੰਘ ਪਤੰਗ ਜੀ ਨਾਲ ਤਬਲੇ ਦੀ ਸੇਵਾ ਤੇ ਲਵਾ ਦਿੱਤਾ।

ਸੰਨ 1966 ਤੋਂ ਸੰਨ 1970 ਤਕ ਆਪ ਜੀ ਨੇ ਪਤੰਗ ਜੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਵਿਸ ਕੀਤੀ। ਇਸ ਸਮੇਂ ਆਪ ਨੇ ਭਾਈ ਉੱਤਮ ਸਿੰਘ ਜੀ ਦੇ ਸਪੁੱਤਰਾਂ ਡਾ. ਜਾਗੀਰ ਸਿੰਘ, ਡਾ. ਬਚਿੱਚਰ ਸਿੰਘ, ਤੇ ਗੁਰਨਾਮ ਸਿੰਘ ਨੂੰ ਤਬਲੇ ਦੀ ਸਿੱਖਿਆ ਦਿੱਤੀ। ਇਹ ਤਿੰਨੇ ਭਰਾ ਭਾਈ ਮੋਹਨ ਸਿੰਘ ਘਾਇਲ ਦਾ ਬਹੁਤ ਸਤਿਕਾਰ ਕਰਦੇ ਸਨ। ਘਾਇਲ ਸਾਹਿਬ ਵੀ ਇਹਨਾਂ ਨੂੰ ਆਪਣੇ ਸਪੁੱਤਰਾਂ ਵਾਂਗ ਪਿਆਰ ਦੇ ਸਨ। ਫਿਰ ਭਾਈ ਮੋਹਨ ਸਿੰਘ ਜੀ ਨੇ ਸ਼੍ਰੋਮਣੀ ਕਮੇਟੀ ਦੀ ਨੌਕਰੀ ਛੱਡ ਦਿੱਤੀ, ਤੇ ਆਪ ਜੀ ਆਪਣੇ ਘਰ ਆ ਗਏ ਅਤੇ ਸੰਨ 1971 ਵਿਚ ਅਕਤੂਬਰ ਵਿਚ ਆਪ ਜੀ ਮੇਰਾ ਸਾਥ ਦੇਣ ਲਈ ਗੁਰਦੁਆਰਾ ਸਿੰਘ ਸਭਾ ਸਹਾਨਪੁਰ ਆ ਗਏ। ਸੋ ਸਹਾਰਨਪੁਰ ਤੋਂ ਲੈ ਕੇ ਅਗਲਾ ਹਾਲ ਮੈਂ ਪਿੱਛੇ ਲਿਖ ਚੁੱਕਾ ਹਾਂ। ਸਹਾਰਨਪੁਰ ਅਸੀਂ ਮਾਰਚ 1972 ਤਕ ਰਹੇ, ਫਿਰ ਗੁ: ਸਿੰਘ ਸਭਾ ਥਾਪਰ ਨਗਰ ਮੇਰਠ ਆ ਕੇ ਡਿਊਟੀ ਕਰ ਲਈ, ਉਥੇ ਆ ਜੀ ਮੇਰੇ ਨਾਲ 1973 ਤਕ ਰਹੇ। 1974 ਵਿਚ ਆਪ ਦੇ ਪਰਮ ਸ਼ਾਗਿਰਦ ਡਾ. ਜਾਗੀਰ ਸਿੰਘ ਨੇ ਆਪਣਾ ਰਾਗੀ ਜੱਥਾ ਬਣਾ ਲਿਆ ਅਤੇ ਗੁਰਦੁਆਰਾ ਸਿੰਘ ਸਭਾ ਸੈਕਟਰ 19-ਡੀ, ਚੰਡੀਗੜ੍ਹ ਵਿਖੇ ਕੀਰਤਨ ਕਰਨ ਲੱਗ ਪਏ। ਉਦੋਂ ਭਾਈ ਮੋਹਨ ਸਿੰਘ ਇਹਨਾਂ ਨਾਲ ਤਬਲੇ ਤੇ ਆ ਗਏ। ਇਥੇ ਆ ਕੇ ਇਹਨਾਂ ਨੇ ਸਿੱਖ ਸੰਗਤਾਂ ਦੇ ਬੱਚਿਆਂ ਨੂੰ ਫਰੀ ਕੀਰਤਨ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਆਪਣੀ ਨਵੇਕਲੀ ਸਹਿਜਮਈ ਕੀਰਤਨ ਸ਼ੈਲੀ ਕਰਕੇ ਇਹ ਜੱਥਾ ਬਹੁਤ ਮਕਬੂਲ ਹੋ ਗਿਆ। ਭਾਈ ਮੋਹਨ ਸਿੰਘ ਨੂੰ ਇੱਥੋਂ ਦੇ ਬੱਚੇ ਬੱਚੀਆਂ ਅਜੇ ਵੀ ਯਾਦ ਕਰਦੇ ਹਨ।ਮੇਰਾ ਰਾਗੀ ਜੱਥਾ ਸੰਨ 1975 ਵਿਚ ਮੇਰਠ ਤੋਂ ਛੱਡ ਕੇ ਗੁਰਦੁਆਰਾ ਸਿੰਘ ਗਾਂਧੀ ਨਗਰ ਦਿੱਲੀ ਆ ਕੇ ਡੀਊਟੀ ਤੇ ਆ ਗਿਆ ਅਤੇ ਉਦੋਂ ਮੈਨੂੰ ਸਹਾਇਕ ਰਾਗੀ ਦੀ ਲੋੜ ਪੈ ਗਈ। ਡਾ. ਮੋਹਨ ਸਿੰਘ ਜੀ ਮੇਰੇ ਨਾਲ ਸਹਾਇਕ ਰਾਗੀ ਬਣ ਕੇ ਆ ਗਏ ਅਤੇ ਸੰਨ 1976 ਦੀ ਵੈਸਾਖੀ ਅਸੀਂ ਕੱਲਕੱਤੇ ਕੀਤੀ, ਗੁਰਦੁਆਰਾ ਸਿੰਘ ਸਭਾ ਕਲੀ ਘਾਟ, ਉਸ ਵੈਸਾਖੀ ਤੇ ਹੀ ਬਾਬਾ ਜਸਵੰਤ ਸਿੰਘ ਜੋ ਤਖਤ ਸ੍ਰੀ ਪਟਨਾ ਸਾਹਬਿ ਦੇ ਜਨਰਲ ਸਕੱਤਰ ਸਨ, ਉਹਨਾਂ ਨੇ ਸਾਡਾ ਕੀਰਤਨ ਉਥੇ ਸੁਣਿਆ, ਉਹ ਉਸ ਸਮੇਂ ਕਲਕੱਤੇ ਹੀ ਰਹਿੰਦੇ ਸਨ ਤੇ ਉਹ ਸਾਨੂੰ ਕਲਕੱਤੇ ਤੋਂ ਹੀ ਪਟਨਾ ਸਾਹਬਿ ਲੈ ਗਏ ਤੇ 21 ਅਪ੍ਰੈਲ 1976 ਤੋਂ ਸਾਡੀ ਸੇਵਾ ਤਖਤ ਸ੍ਰੀ ਪਟਨਾ ਸਾਹਿਬ ਲਗ ਗਈ, ਉਹਨੀਂ ਦਿਨੀ ਤਖਤ ਸ੍ਰੀ ਪਟਨਾ ਸਾਹਿਬ ਸਰਾਂ ਬਣ ਰਹੀ ਸੀ, ਸੋ ਸਭਾ ਨੇ ਸਾਡੇ ਜੱਥੇ ਦੀ ਸੇਵਾ ਦੇਸ਼ ਵਿੱਚੋਂ ਮਾਇਆ ਉਗਰਾਹਣ ਦੀ ਸੇਵਾ ਲਾ ਦਿੱਤੀ, ਪਟਨਾ ਸਾਹਿਬ ਦੀ ਡੀਊਟੀ ਵਿਚ ਮੇਰੇ ਨਾਲ ਸਹਾਇਕ ਰਾਗੀ ਭਾ. ਮੋਹਨ ਸਿੰਘ ਜੀ ਅਤੇ ਤਬਲੇ ਤੇ ਮੇਰਾ ਛੋਟਾ ਭਾਈ, ਭਾ. ਹਰਚਰਨ ਸਿੰਘ ਜੀ, ਸੋ ਪਟਨਾ ਸਾਹਿਬ ਦੀ ਉਗਰਾਹੀ ਦੀ ਸੇਵਾ ਵਿਚ ਭਾ. ਮੋਹਨ ਸਿੰਘ ਮੇਰੇ ਨਾਲ ਸਹਾਇਕ ਰਾਗੀ ਦਾ ਕੰਮ ਤਾਂ ਕਰਦੇ ਹੀ ਸਨ, ਪਰ ਨਾਲ ਵਾਜੇ ਤੇ ਬੈਠੇ ਹੀ ਵਿਆਖਿਆ ਵੀ ਕਰਦੇ ਸਨ ਅਤੇ ਉਗਰਾਹੀ ਲਈ ਪ੍ਰਚਾਰ ਵੀ ਕਰਦੇ ਸਨ, ਸੋ ਉਗਰਾਹੀ ਦੀ ਸੇਵਾ ਕਰਦਿਆਂ ਤਖਤ ਸ੍ਰੀ ਪਟਨਾ ਸਾਹਿਬ ਲਈ ਅਸੀਂ ਜੋ ਉਗਰਾਹੀ ਸ਼ੁਰੂ ਕੀਤੀ, ਉਹ ਮੁਜ਼ਫਰ ਪੁਰ ਬਿਹਾਰ ਅਤੇ ਬਿਹਾਰ ਵਿਚ ਹੀ, ਸੀਵਾਨ, ਛੱਪਰਾ, ਸਮਸਤੀਪੁਰ, ਯੂ.ਪੀ. ਵਿਚ ਗੋਰਖਪੁਰ, ਲਖਨਊ, ਕਾਨਪੁਰ, ਅਲਾਹਬਾਦ, ਗਰੀਡੀ ਬਿਹਾਰ, ਧੰਨਬਾਦ, ਆਸਨਸੋਲ, ਬਰਦਵਾਨ, ਕਲਕੱਤਾ, ਹਜ਼ਾਰੀ ਬਾਗ, ਰਾਂਚੀ, ਟਾਟਾ ਨਗਰ, ਗਇਆ, ਬੰਬਈ, ਪੂਨਾ, ਔਰੰਗਾਬਾਦ, ਹਜੂਰ ਸਾਹਿਬ ਨੰਦੇੜ, ਅਕੋਲਾ, ਖੰਡਵਾ, ਇੰਦੌਰ, ਰਤਲਾਮ, ਜੈਪੁਰ, ਜੋਧਪੁਰ, ਅਲਵਰ, ਇਹਨਾਂ ਸ਼ਹਿਰਾਂ ਵਿਚੋਂ ਲੱਖਾਂ ਰੁਪਏ ਉਗਰਾਹ ਕੇ ਸਾਡੇ ਰਾਗੀ ਜੱਥੇ ਨੇ ਤਖਤ ਸ੍ਰੀ ਪਟਨਾ ਸਾਹਿਬ ਨੂੰ ਦਿੱਤੇ ਤੇ ਸੰਨ 1977 ਜੂਨ ਤਕ ਅਸੀਂ ਤਖਤ ਸ੍ਰੀ ਪਟਨਾ ਸਾਹਿਬ ਸੇਵਾ ਕੀਤੀ, ਪਟਨਾ ਸਾਹਿਬ ਤੋਂ ਛੱਡ ਕੇ ਵਾਪਸ ਆਪਣੇ ਘਰ ਡੇਰਾ ਬਸੀ ਆ ਗਏ।

ਆਪ ਜੀ ਦੀਆਂ ਛੇ ਸੰਤਾਨਾਂ ਹਨ - ਸ. ਉਪਕਾਰ ਸਿੰਘ ਜਨਮ ਸੰਨ 1942, 2. ਸ. ਪਰਮਜੀਤ ਸਿੰਘ ਜਨਮ 26 ਜਨਵਰੀ 1952, 3. ਬੇਟੀ ਪਰਮਜੀਤ ਕੌਰ ਜਨਮ ਸੰਨ 1953, 4. ਬੇਟਾ. ਸ. ਗੁਰਚਰਨ ਸਿੰਘ 'ਚੰਨਾ', ਜਨਮ ਸੰਨ 1955 ਬਰਦਵਾਨ ਬੰਗਾਲ 5. ਬੇਟੀ ਬਲਵਿੰਦਰ ਕੌਰ ਜਨਮ 1960, 6. ਬੇਟੀ ਪਰਵਿੰਦਰ ਕੌਰ

ਜਨਮ 1966, ਸੋ ਆਪ ਜੀ ਸੰਨ 1979 ਵਿਚ ਪਟਨਾ ਸਾਹਿਬ ਤੋਂ ਛੱਡ ਕੇ, ਡੇਰਾ ਬਸੀ ਆ ਕੇ ਬੱਚਿਆਂ ਦਾ ਕਾਰੋਬਾਰ ਸੰਭਾਲ ਲਿਆ। ਆਪ ਜੀ ਦੇ ਤਿੰਨਾਂ ਬੇਟਿਆਂ ਪਾਸ, ਪੰਜ ਟਰੱਕ ਗੱਡੀਆਂ ਸਨ ਅਤੇ ਆਪ ਦਾ ਟਰਾਂਸ ਪੋਰਟ ਦਾ ਕੰਮ ਵਧੀਆ ਚੱਲ ਰਿਹਾ ਸੀ। ਆਪ ਜੀ ਕੁਝ ਸਮਾਂ ਰਾਜਨੀਤੀ ਵਿਚ ਵੀ ਰਹੇ, ਪਹਿਲੇ ਕਮਿਊਨਿਸਟ ਪਾਰਟੀ ਦੇ ਸਰਗਰਮ ਵਰਕਰ ਰਹੇ। ਉਸ ਤੋਂ ਬਾਅਦ ਸਮਾਜਵਾਦੀ ਪਾਰਟੀ (ਮੁਲਾਇਮ ਸਿੰਘ ਯਾਦਵ) ਦੀ ਦਿੱਲੀ ਇਕਾਈ ਦੇ ਜਨਰਲ ਸਕੱਤਰ ਰਹੇ, ਪਰ ਆਪ ਜੀ ਜਿਸ ਪਾਰਟੀ ਵਿਚ ਰਹੇ, ਸਦਾ ਹੀ ਗਰੀਬਾਂ ਦੇ ਹਮਦਰਦ ਰਹੇ ਕਿਉਂਕਿ ਆਪ ਜੀ ਦਾ ਜੀਵਨ ਵੀ ਕਾਫੀ ਗਰੀਬੀ ਵਿਚੋਂ ਲੰਘਿਆ ਸੀ ਅਤੇ ਨਾਂਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਵੀ ਸਰਗਰਮ ਵਰਕਰ ਰਹੇ। ਸ. ਗੁਰਚਰਨ ਸਿੰਘ ਟੌਹੜਾ ਸਾਹਿਬ ਆਪ ਜੀ ਨਾਲ ਬਹੁਤ ਸਨੇਹ ਤੇ ਸਤਿਕਾਰ ਰੱਖਦੇ ਸਨ।ਘਾਇਲ ਜੀ 1 ਨਵੰਬਰ 2010 ਨੂੰ ਡੇਰਾਬੱਸੀ ਵਿਖੇ ਆਪਣੇ ਪੁੱਤਰਾਂ ਕੋਲ ਅਕਾਲ ਚਲਾਣਾ ਕਰ ਗਏ ਸਨ।

(ਅੰਮ੍ਰਿਤ ਕੀਰਤਨ ਮਈ 2010 ਵਿੱਚ ਪ੍ਰਕਾਸ਼ਿਤ)

*********

## ਭਾਈ ਗੁਰਮੀਤ ਸਿੰਘ ਜੀ ਸ਼ਾਂਤ ਨੂੰ ਸ਼੍ਰੋਮਣੀ ਰਾਗੀ ਸਨਮਾਨ



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਗੁਰਬਾਣੀ ਕੀਰਤਨ ਦੀ ਟਕਸਾਲੀ ਪਰੰਪਰਾ ਨੂੰ ਕਾਇਮ ਰੱਖਣ ਲਈ ਅਤੇ ਇਸ ਬਾਰੇ ਕੀਰਤਨੀਆਂ ਨੂੰ ਉਤਸਾਹਿਤ ਕਰਨ ਲਈ ਵੱਡਾ ਉਪਰਾਲਾ ਕੀਤਾ ਗਿਆ ਹੈ। ਕਮੇਟੀ ਵੱਲੋਂ ਇੱਕ ਸ਼੍ਰੋਮਣੀ ਰਾਗੀ ਸਨਮਾਨ ਸਥਾਪਿਤ ਕੀਤਾ ਗਿਆ ਹੈ।ਇਸ ਵਿੱਚ ਗਿਆਰਾਂ ਲੱਖ ਰੁਪਏ ਦੀ ਰਾਸ਼ੀ ਨਿਰਧਾਰਿਤ ਕੀਤੀ ਗਈ ਹੈ। ਹਰ ਸਾਲ ਯੋਗ ਕੀਤਰਨੀਏ ਦੀ ਚੋਣ ਲਈ ਪ੍ਰਸਿੱਧ ਕੀਰਤਨੀਆਂ ਦੀ ਇੱਕ ਗਿਆਰਾਂ ਮੈਂਬਰੀ ਕਮੇਟੀ ਕਾਇਮ ਕੀਤੀ ਗਈ।ਇਹ ਕਮੇਟੀ ਹਰ ਸਾਲ ਯੋਗ ਕੀਤਰਨੀਏ ਦੀ ਚੋਣ ਕਰੇਗੀ।ਇਸ ਸਾਲ ਦਾ ਪਹਿਲਾ ਅਵਾਰਡ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਪ੍ਰਦਾਨ ਕੀਤਾ ਗਿਆ ਹੈ। ਭਾਈ ਗੁਰਮੀਤ ਸਿੰਘ ਸ਼ਾਂਤ ਗੁਰਮਤਿ ਸੰਗੀਤ ਦੇ ਵਿਦਵਾਨ ਕੀਰਤਨੀਏ ਹਨ।ਆਪ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦੇ ਹਨ ਅਤੇ ਸੰਗਤਾਂ ਇਨ੍ਹਾਂ ਦੇ ਟਕਸਾਲੀ ਕੀਰਤਨ ਦਾ ਅਨੰਦ ਆਨ ਲਾਈਨ ਵੀ ਮਾਣਦੀਆਂ ਹਨ।ਅਸੀਂ 'ਅੰਮ੍ਰਿਤ ਕੀਰਤਨ' ਵੱਲੋਂ ਭਾਈ ਸਾਹਿਬ ਨੂੰ ਵਧਾਈ ਦਿੰਦੇ ਹਾਂ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹਾਂ।ਵਿਸ਼ੇਸ਼ ਤੌਰ ਤੇ ਗਿਆਨੀ ਰਣਜੀਤ ਸਿੰਘ ਹੈਡ ਗ੍ਰੰਥੀ ਗੁ. ਸ੍ਰੀ ਬੰਗਲਾ ਸਾਹਿਬ ਦਾ ਇਸ ਸਬੰਧੀ ਕੀਤੇ ਉੱਦਮ ਲਈ ਧੰਨਵਾਦ ਕਰਦੇ ਹਾਂ।

# ਬਬੀਹਾ ਅਤੇ ਕੀਰਤਨ

**ਬਬਲੀ ਐਸ. ਸਿੰਘ**

**ਬਾਬੀਹਾ ਅੰਮਿਤ ਵੇਲੇ ਬੋਲਿਆ –** ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਨੇ ਬਬੀਹੇ ਦੀ ਮਿਸਾਲ ਦੇ ਕੇ, ਉਸਦੇ ਅੰਦਰ ਪ੍ਰਭੂ ਦਰਸ਼ਨਾਂ ਦੀ ਤਾਂਘ ਨੂੰ ਆਪਣੇ ਸ਼ਬਦਾਂ ਵਿੱਚ ਐਨੀ ਖੂਬਸੂਰਤੀ ਨਾਲ ਲਿਖਿਆ ਹੈ ਕਿ ਇਹਨਾਂ ਸ਼ਬਦਾਂ ਨੂੰ ਪੜਦਿਆਂ, ਗਾਉਂਦਿਆਂ ਇਕ ਆਲੌਕੀਕ ਅਨੰਦ ਮਹਿਸੂਸ ਹੁੰਦਾ ਹੈ। ਦਿਲ ਭਾਵੁਕ ਹੋ ਜਾਂਦਾ ਹੈ। ਇਹ ਪਵਿੱਤਰ ਤੁੱਕ ... "ਬਾਬੀਹਾ ਤੂ ਸਹਜਿ ਬੋਲਿ ਸਚੈ ਸਬਦਿ ਸੁਭਾਇ"... (ਅੰਗ ੧੪੨੦)

ਗੁਰੂ ਮਹਾਰਾਜ ਸਾਨੂੰ ਸਮਝਾਣਾ ਚਾਹੁੰਦੇ ਹਨ, ਕਿ ਮਨ ਨੂੰ ਟਿਕਾ ਕੇ ਆਤਮਕ ਸਹਿਜ ਨਾਲ ਉਸਨੂੰ ਯਾਦ ਕਰਨਾ ਚਾਹੀਦਾ ਹੈ। ਗੁਰੂ ਅਮਰਦਾਸ ਜੀ ਇਸ ਸ਼ਬਦ ਵਿੱਚ ਇਹ ਵੀ ਦਸਦੇ ਹਨ... ਕਿ ਆਤਮਕ ਅਡੋਲਤਾ ਨਾਲ ਪ੍ਰਭੂ ਦੀ ਯਾਦ ਵਿੱਚ ਜੁੜਨ ਨਾਲ ਜੋ ਅਨੰਦ ਮਿਲੇਗਾ...

"ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ॥"

ਜੇ ਅਸੀਂ ਗੁਰਬਾਣੀ ਨੂੰ ਇਕ ਮਨ ਇਕ ਚਿਤੁ ਹੋਕੇ ਪੜੀਏ, ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਕ ਬੜਾ ਪਿਆਰਾ ਸਚ ਸਮਝ ਆਂਦਾ ਹੈ। ਗੁਰਬਾਣੀ ਵਿੱਚ ਗੁਰੂ ਸਾਹਿਬਾਨ ਨੇ ਬਬੀਹੇ ਦੀ ਮਿਸਾਲ ਦੇ ਕੇ ਬੜੇ ਗਹਿਰੇ ਸਚ ਸਾਨੂੰ ਸਮਝਾਏ ਹਨ ...

ਮਾਨਸਿਕ ਸ਼ਕਤੀ ਨਾਲ ਅਸੀਂ ਉਡਦਿਆਂ ਭਾਵੇਂ ਅਸਮਾਨ ਵੀ ਛੂਹ ਲਈਏ, ਪਰ ਤ੍ਰਿਸ਼ਨਾ ਤਾਂ ਉਸ ਪਰਮੇਸ਼ੁਰ ਦੇ ਨਾਮ ... ਗੁਰੂ ਨੂੰ ਮਿਲਿਆਂ ਹੀ ਮਿਟਦੀ ਹੈ ... ਜਰਾ ਦੇਖੋ ...

"ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ ॥
ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ ॥" (ਅੰਗ ੧੪੨੦)

ਕਿੰਨੇ ਪਿਆਰੇ ਬੋਲ ਨੇ ਇਸ ਗੁਰੂ ਸ਼ਬਦ ਦੇ ... ਕਦੇ ਕਦੇ ਮੈਨੂੰ ਬਾਬੀਹੇ ਦੇ ਰਬ ਨੂੰ ਪੁਕਾਰਨ ਬਾਰੇ ਗੁਰਸ਼ਬਦ ਪੜਕੇ ਬਾਬੀਹੇ ਨਾਲ ਬਹੁਤ ਹੀ ਪਿਆਰ ਆਂਦਾ ਹੈ।

ਗੁਰੂ ਜੀ ਕਹਿ ਰਹੇ ਹਨ, ਹਰ ਮਨੁੱਖ ਪਰਮਾਤਮਾ ਤੋਂ ਵਿਛੜੀ ਇਕ ਰੂਹ ਹੈ, ਜੋ ਪਰਮਾਤਮਾ ਨਾਲ ਮਿਲਨ ਲਈ ਤਰਸ ਰਹੀ ਹੈ ...

"ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸੁ ਨੋ ਲੋਚੈ ਸਭੁ ਕੋਇ ॥" (ਅੰਗ ੧੨੮੧)

ਪਰ ਗੁਰੂ ਸਾਹਿਬ ਇਹ ਵੀ ਦਸ ਦਿੰਦੇ ਹਨ, ਕਿ

"ਗੁਰ ਪਰਸਾਦੀ ਪਾਈਐ ਵਿਰਲਾ ਬੁਝੈ ਕੋਇ ॥" (ਅੰਗ ੧੨੮੧)

ਵਿਰਲੇ ਹੀ ਉਹ ਲੋਕ ਹਨ ਜੋ ਇਹ ਸਮਝਦੇ ਹਨ ਕਿ ...

"ਬਹਿਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖ ਹੋਇ ॥" (ਅੰਗ ੧੨੮੧)

ਗੁਰੂ ਮਹਾਰਾਜ ਸ਼ਬਦਾਂ ਵਿੱਚ ਬਾਬੀਹੇ ਨੂੰ ਬਹੁਤ ਸੋਹਣੀ ਮਿਸਾਲ ਬਣਾ ਕੇ ਕਹਿੰਦੇ ਹਨ...

"ਬਾਬੀਹਾ ਅੰਮਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥ (ਅੰਗ ੧੨੮੫)

ਅੰਮ੍ਰਿਤ ਵੇਲੇ ਦੀ ਕੀਤੀ ਅਕਾਲ ਪੁਰਖ ਦੀ ਸਿਫਤ ਸਲਾਹ, ਇਕ ਅਨਮੋਲ ਤੇ ਅਖੁਟ ਖਜ਼ਾਨਾ ਹੈ। ਤੇ ਉਸ ਪਵਿੱਤਰ ਸਮੇਂ ਵਿੱਚ ਕੀਤੀ ਪਰਮਾਤਮਾ ਦੀ ਭਗਤੀ ਧੁਰ ਪਰਵਾਨ ਹੁੰਦੀ ਹੈ।

ਇਕ ਹੋਰ ਸਬਦ ਵਿੱਚ ਬਾਬੀਹੇ ਦੀ ਜਲ ਲਈ ਪਿਆਸ ਦੀ ਤਰਸ ਬਾਰੇ ਕਹਿੰਦੇ ਹਨ...

"ਬਾਬੀਹਾ ਨ ਬਿਲਲਾਇ ਨ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥" (ਅੰਗ ੧੨੮੫)

ਕਿਵੇਂ ਬਾਬੀਹੇ ਦਾ  ਮਨ ਬੱਦਲ, ਪਾਣੀ ਦੇ ਲਈ ਪ੍ਰੇਮ ਵਿੱਚ ਪ੍ਰਿਉ ਪ੍ਰਿਉ ਪ੍ਰਿਉ  ਕਰਦਾ ਹੈ। ਇਸੇ ਤਰ੍ਹਾਂ ਬੰਦੇ ਦਾ ਮਨ  ਪਰਮਾਤਮਾ  ਦੇ ਨਾਮ ਦੀ ਪਿਆਸ ਵਿੱਚ  ਤਰਸਦਾ ਹੈ।

"ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ॥
ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰੁ॥" (ਅੰਗ ੧੪੧੯)

ਫ਼ੇਰ ਪਰਮਾਤਮਾ ਦੀ ਮਿਹਰ ਵਰਸਦੀ ਹੈ। ਉਸਦੇ ਨਾਮ ਦੀ ਸੀਤਲਤਾ ਸਾਰੇ ਦੁਖ ਦੂਰ ਕਰ ਦਿੰਦੀ ਹੈ।

ਗੁਰੂ ਸਾਹਿਬ ਉਚਾਰਦੇ ਹਨ, ...

"ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ॥
ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ॥"  (ਅੰਗ ੧੪੨੦)

ਜਦੋਂ ਅਸੀਂ ਸਦਾ ਹੀ ਸਚੇ ਮਾਲਕ ਦੀ ਯਾਦ ਵਿੱਚ ਰਹਿੰਦੇ ਹਾਂ, ਤਾਂਗੁਰੂ ਦੇ ਦਰ ਤੇ,  ਸਾਡੀ ਪ੍ਰਾਰਥਨਾ ਕਬੂਲ ਹੁੰਦੀ ਹੈ।

ਇਹਨਾਂ ਪਵਿੱਤਰ ਸ਼ਬਦਾਂ ਤੋਂ ਸਿਖ ਕੇ, ਜੇ ਅਸੀਂ ਵੀ ਪੰਖੀ ਵਾਂਗ ਪ੍ਰਭੂ ਨਾਮ ਦਾ ਚੋਗਾ ਚੁਗਦੇ ਹਾਂ ਤਾਂ ਸਾਡਾ ਜੀਵਨ ਵੀ ਸੋਹਣਾ ਹੋ ਜਾਂਦਾ ਹੈ,...

"ਪੰਖੀ ਬਿਰਖਿ ਸੁਹਾਵੜਾ ਸਚੁ  ਚੁਗੈ  ਗੁਰ ਭਾਇ॥"

ਆਤਮਕ ਅਡੋਲਤਾ,  ਤੇ ਸਹਿਜ ਭਰਿਆ ਜੀਵਨ ਫ਼ੇਰ ਆਪ ਹੀ ਨਹੀਂ ਸਗੋਂ ਹੋਰਨਾ ਦਾ ਜੀਵਨ ਵੀ ਸੁੰਦਰ ਕਰ ਦਿੰਦਾ ਹੈ। ਇਹ ਪੰਖੀ, ਇਹ ਜੀਵ ਜੰਤੂ ਸਭ ਉਸੇ ਦੀ ਯਾਦ ਵਿੱਚ ਚਹਿਕਦੇ ਹੋਏ ਉਸਦੀ ਉਸਤਤਿ ਕਰ ਰਹੇ ਹਨ ਤੇ ਸਾਨੂੰ  ਵੀ ਉਸਦੀ ਉਸਤਤਿ ਕਰਨੀ  ਸਿਖਾ ਰਹੇ ਹਨ।

**ਕੀਰਤਨੁ ਨਿਰਮੋਲਕ ਹੀਰਾ–** ਬਾਬਾ ਨਾਨਕ ਨੇ ਧੁਰੋਂ ਆਈ ਗੁਰਬਾਣੀ ਨੂੰ ਗਾਇਆ ਹੈ,  ਸਾਨੂੰ ਕੀਰਤਨ ਤੇ ਸਿਮਰਨ ਕਰਨਾ ਸਿਖਾਇਆ ਹੈ। ਬਾਬਾ ਨਾਨਕ ਨੇ ਕਦੇ ਜੋਗ ਨਹੀਂ  ਕੀਤਾ, ਕੋਈ ਤਪੁ ਨਹੀਂ ਕੀਤਾ। ਗ੍ਰਹਿਸਥ ਜੀਵਨ ਹੁੰਦਿਆਂ ਹੋਇਆਂ ਵੀ ਸਾਰੀ ਦੁਨੀਆਂ ਵਿੱਚ ਜਾ ਜਾਕੇ,ਅਕਾਲ ਪੁਰਖੁ ਦੀ ਉਸਤਤਿ ਗਾ,ਗਾ ਕੇ ਭੁਲਿਆਂ ਭਟਕਿਆਂ ਨੂੰ ਰਾਹੇ ਪਾਇਆ। ਦੁਨੀਆਂ ਨੂੰ ਤਾਰਿਆ। ਉਨ੍ਹਾਂ ਨੇ ਸਿਰਫ਼ ਗਾਇਆ ਅਤੇ ਗਾ ਕੇ ਹੀ ਉਨ੍ਹਾਂ ਨੇ  ਪਰਮਾਤਮਾ ਨੂੰ ਪਾ ਲਿਆ। ਮੈਨੂੰ ਨਾਨਕ ਦੀ ਫਕੀਰੀ ਨਾਲ ਮੁਹਬਤ ਹੈ, ਨਾਨਕ ਦੀ ਨਿਮਰਤਾ ਨਾਲ ਪਿਆਰ ਹੈ।  ਉਹਨਾਂ ਨੇ ਆਪਣੇ ਆਪ ਨੂੰ ਸਦਾ ਅਕਾਲ ਪੁਰਖ ਦਾ ਦਾਸ ਮੰਨਿਆ, ਨਾਮ ਜਪਣ ਵਾਲਿਆਂ ਦਾ ਦਾਸ ਮੰਨਿਆ। ਪ੍ਰਭੂ ਦੇ ਨਾਮ ਜਪਣ ਵਾਲੇ ਦੀ ਚਰਣ ਧੂੜ ਮੰਗੀ ...

"ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਾ ਨਾਮੁ ਜਪਾਵੈ॥" (ਅੰਗ ੩੦੫)

ਬਾਣੀ ਗਾ ਕੇ ਅਕਾਲ ਪੁਰਖੁ ਦੀ ਉਸਤਤਿ ਗਾਈ, ਕੁਦਰਤ ਦੀ ਉਸਤਤਿ ਗਾਈ। ਕੁਦਰਤ ਤੇ ਕਾਦਰ ਦੀ ਮਹਿਮਾ ਗਾ ਕੇ ਕੀਤੀ, ਤੇ ਸੰਸਾਰ ਨੂੰ ਕੀਰਤਨ ਦੀ ਦਾਤ ਦਿੱਤੀ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ ...

"ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ"

ਨਾਨਕ ਜੀ ਜਿਥੇ ਵੀ ਥੋੜਾ ਜਿਹਾ ਸਮਾਂ ਰੁਕੇ ਉਨ੍ਹਾਂ ਨੇ ਉਥੇ ਹੀ ਗੁਰਬਾਣੀ ਗਾ ਕੇ ਅੰਮ੍ਰਿਤ ਵਰਸਾ ਦਿੱਤਾ। ਕੀਰਤਨ ਦੀ ਛਹਿਬਰ ਲਗਾ ਦਿੱਤੀ। ਕੀਰਤਨ ਦੀ ਦਾਤ ਸਾਨੂੰ ਨਾਨਕ ਨੇ ਦਿੱਤੀ ਹੈ। ਚਾਰੇ ਦਿਸ਼ਾਵਾਂ ਵੱਲ ਉਦਾਸੀਆਂ ਕਰਦਿਆਂ, ਨਾਨਕ ਨੇ  ਵਡੇ ਭਾਗਾਂ ਵਾਲੇ  ਮਰਦਾਨੇ ਨੂੰ ਇਕਦਮ ਹੀ ਕਹਿਣਾ .. 'ਮਰਦਾਨਿਆ ਛੇੜਿ ਰਬਾਬ ਬਾਣੀ ਆਈ ਹੈ' ,

ਤੇ ਉਹ ਬਾਣੀ ਧੁਰੋਂ ਨਾਨਕ ਦੇ ਅੰਦਰ ਆਂਦੀ ਸੀ। ਮਰਦਾਨੇ ਨੇ ਰਬਾਬ ਛੇੜਨੀ ਤੇ ਨਾਨਕ ਨੇ ਆਪਣੀ ਪਵਿੱਤਰ ਰਸਨਾ ਤੋਂ ਬਾਣੀ ਗਾਉਣ ਲਗ ਜਾਣਾ।

ਸਾਨੂੰ ਗੁਰੂ ਨਾਨਕ ਇਕ ਨਿਰਮੋਲਕ ਹੀਰਾ ਦੇ ਗਏ ਹਨ ਬੜਾ ਹੀ ਅਨਮੋਲ ... ਉਹ ਹੈ ਕੀਰਤਨ ਦਾ ਹੀਰਾ। "ਕੀਰਤਿ ਪ੍ਰਭੁ ਕੀ ਗਾਉ ਮੇਰੀ ਰਸਨਾ" (ਅੰਗ ੧੨੯੮)

ਕੋਈ ਵੀ ਸ਼ੱਕ ਨਹੀਂ ਕਿ ਗੁਰਬਾਣੀ ਦਾ ਪਾਠ ਕਰਦਿਆਂ ਇਕ ਆਲੌਕਿਕ ਸ਼ਾਂਤੀ ਅਤੇ ਅਨੰਦ ਆਂਦਾ ਹੈ, ਪਰ ਜੋ ਆਨੰਦ ਬਾਣੀ ਨੂੰ ਗਾਕੇ ਮਿਲਦਾ ਹੈ, ਕੀਰਤਨ ਕਰਕੇ ਜਾਂ ਸੁਣਕੇ ਮਿਲਦਾ ਹੈ, ਉਸ ਨੂੰ ਲਫਜ਼ਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ' ਕੀਰਤਨ ਗਾਂਦਿਆਂ, ਸੁਣਦਿਆਂ ਮਨ ਤੇ ਆਤਮਾ ਪ੍ਰਭੂ ਦੇ ਨਾਲ ਜੁੜਦੀ ਹੈ।

ਸਚ ਹੈ,ਮਹਿਸੂਸ ਕਰਕੇ ਵੇਖਣ ਦੀ ਲੋੜ ਹੁੰਦੀ ਹੈ ....'ਜਹਿ ਕੀਰਤਨ ਤੇਰਾ ਸਾਧੂ ਗਾਵਹਿ ਤਹਿ ਮੇਰਾ ਮਨੁ ਲਾਗੈ'॥ (ਅੰਗ ੬੧੦)

ਮਨ ਭਾਵੁਕ ਹੁੰਦਾ ਹੈ, ਇਕ ਬੈਰਾਗ ਉਪਜਦਾ ਹੈ। ਦਾਤੇ ਨਾਲ ਇਕਮਿਕ ਹੋ ਜਾਂਦਾ ਹੈ ਮਨ। ਇਹ ਉਸਦੀ ਕਿਰਪਾ ਨਾਲ ਹੀ ਨਸੀਬ ਹੁੰਦਾ ਹੈ .......

"ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥"
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥ (ਅੰਗ ੧੦੦੦)

ਇਸੇ ਲਈ ਸ਼ਾਇਦ ਸਾਰੀ ਗੁਰਬਾਣੀ ਰਾਗਾਂ ਵਿੱਚ ਲਿਖੀ ਗਈ ਸੀ। ਰਾਗ ਵਿੱਚ ਗਾਏ ਗਏ ਕੀਰਤਨ ਵਿੱਚ ਮਨ ਨੂੰ ਛੂਹਣ ਦੀ ਸ਼ਕਤੀ ਹੈ। ਇਕ ਭਾਵੁਕਤਾ ਭਰਿਆ ਵਿਸਮਾਦ ਹੈ।

ਬਾਬਾ ਨਾਨਕ ਨੇ ਨਿਰੋਲ ਨਾਮੁ ਸਿਮਰਨ ਨੂੰ ਅਹਿਮੀਅਤ ਦਿੰਦਿਆਂ ਬਾਣੀ ਨੂੰ ਗਾ ਕੇ ਅਕਾਲ ਪੁਰਖ ਦੀ ਉਸਤਤਿ ਕੀਤੀ।

ਗੁਰੂ ਅਰਜਨ ਦੇਵ ਜੀ ਇਕ ਸਬਦ ਵਿੱਚ ਫੁਰਮਾਉਂਦੇ ਹਨ ...

"ਐਸਾ ਕੀਰਤਨੁ ਕਰਿ ਮਨ ਮੇਰੇ॥
ਈਹਾ ਊਹਾ ਜੋ ਕਾਮਿ ਤੇਰੈ॥" (ਅੰਗ ੨੩੬)

ਜਗਨ ਨਾਥ ਪੁਰੀ ਪਹੁੰਚ ਕੇ ਬਾਬਾ ਨਾਨਕ ਨੇ ਆਰਤੀ ਰਚੀ, ਜਿਸ ਵਿੱਚ ਉਹਨਾਂ ਨੇ, ਗਗਨ ਨੂੰ ਥਾਲ ਬਣਾਇਆ ਤੇ,ਉਸ ਵਿਚ ਚੰਦ, ਸੂਰਜ ਤੇ ਤਾਰੇ ਦੀਪਕ ਬਣ ਸਾਰੀ ਸ੍ਰਿਸ਼ਟਿ ਦੀ ਆਰਤੀ ਉਤਾਰ ਰਹੇ ਹਨ।

ਕੁਦਰਤ ਦੀ ਮਹਿਮਾ ਵਿੱਚ ਆਰਤੀ ਉਚਾਰ ਕੇ, ਗਾ ਕੇ ਸਾਨੂੰ ਬਹੁਤ ਵੱਡੀ ਗਲ ਸਮਝਾਈ ...

"ਸਭ ਮਹਿ ਜੋਤਿ ਜੋਤ ਹੈ ਸੋਇ॥ ਤਿਸੁ ਦੇ ਚਾਨਣਿ ਸਭ ਮਹਿ ਚਾਨਣੁ ਹੋਇ ॥" (ਅੰਗ ੧੩)
ਨਾਨਕ ਨੇ ਨਿਰੰਕਾਰ ਨੂੰ ਆਰਾਧਿਆ, ਗਾਇਆ ਤੇ ਉਸਨੂੰ ਪਾਇਆ।

ਬਾਬਾ ਨਾਨਕ ਅਕਾਲ ਪੁਰਖ ਦੀ ਹੀ ਜੋਤਿ ਸੀ , ਜਿਸਨੇ ਉਸਦੀ ਉਸਤਤਿ ਗਾ ਗਾਕੇ ਜੱਗ ਵਿਚ ਕਲਜੁਗ ਦੇ ਹਨੇਰੇ ਵਿਚ ਚਾਨਣ ਕੀਤਾ।

"ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ" (ਅੰਗ ੧੦੧੫)

**(ਮੋ: 98783 16640)**

# ਧੀਆਂ ਡਾਲਰ ਖੋਜਣ ਚੱਲੀਆਂ

**(ਪੁਸਤਕ-ਚਰਚਾ)**

**ਜਗਤਾਰਜੀਤ ਸਿੰਘ**

'ਧੀਆਂ ਡਾਲਰ ਖੋਜਣ ਚੱਲੀਆਂ' ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਰਚਨਾ ਹੈ। ਇਸ ਵਿਚ ਵੱਖੋ-ਵੱਖਰੇ ਖ਼ਿਆਲਾਂ ਨੂੰ ਪ੍ਰਗਟਾਉਣ ਵਾਲੇ ਤੇਈ ਲੇਖ ਹਨ। ਹਰ ਲੇਖ ਸੰਜਮ ਨਾਲ ਤੁਰਦਾ ਹੈ ਜਿਸ ਦਾ ਫੈਲਾਅ ਵੱਧ ਤੋਂ ਵੱਧ ਛੇ ਵਰਕਿਆਂ ਤੱਕ ਹੈ।

ਕਿਤਾਬ ਪੜ੍ਹਦਿਆਂ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਲੇਖਕ 'ਨਿਜੋ ਦੇ ਨਾਲ ਪਰ' ਅਨੁਭਵ ਦੀ ਉਂਗਲ ਫੜ ਤੁਰਦਾ ਹੈ। ਇਹ ਕਾਰਜ ਲਿਖੇ ਜਾ ਰਹੇ ਖ਼ਿਆਲਾਂ ਨੂੰ ਬੰਨ੍ਹ ਕੇ ਰੱਖਦੀ ਹੈ। ਓਦਾਂ ਲੇਖਕ ਵੀ ਆਪਣੇ ਲੇਖਾਂ ਵਿਚ ਉਹ ਵੇਰਵੇ ਦਸ ਦਿੰਦਾ ਹੈ ਜਿਨ੍ਹਾਂ ਦੇ ਆਸਰੇ ਉਹ ਆਪਣੀ ਗੱਲ ਸਿਰੇ ਚਾੜ੍ਹਦਾ ਹੈ। ਉਸ ਦੇ ਖ਼ਿਆਲ ਇਸੇ ਤਰ੍ਹਾਂ ਫੈਲਦੇ ਹਨ।

ਕਿਤਾਬ ਦਾ ਨਾਂ ਪਾਠਕ ਨੂੰ ਹੈਰਾਨ ਕਰਦਾ ਹੈ। ਆਮ ਤੌਰ ਤੇ ਮੁੰਡੇ ਕਮਾਈ ਕਰਨ ਘਰੋਂ ਨਿਕਲਦੇ ਹਨ। ਪਰ ਲੇਖਕ ਨੇ ਮੁੰਡਿਆਂ ਨੂੰ ਕੁੜੀਆਂ ਨਾਲ 'ਰਿਪਲੇਸ' ਕਰਕੇ ਉਹਨਾਂ ਨੂੰ ਡਾਲਰ 'ਡਾਲਰ ਖੋਜਣ ਚੱਲੀਆਂ' ਨਾਲ ਨੱਥੀ ਕਰ ਦਿਤਾ ਹੈ। ਇਹ ਦੇਸ ਤੋਂ ਵਿਦੇਸ਼ ਵੱਲ ਦਾ ਸਫ਼ਰ ਵੀ ਹੈ। ਵੱਡੇ ਅਰਥ ਨੂੰ ਧਿਆਨ ਵਿਚ ਰੱਖ ਕਹਿ ਸਕਦੇ ਹਾਂ। ਇਹ ਪੇਸ਼ਕਦਮੀ ਇੱਕ ਖਿੱਤੇ ਨੂੰ ਅਸਵੀਕਾਰ ਕਰ ਦੂਜੇ ਨੂੰ ਸਵੀਕਾਰਨ ਵਲ ਹੈ ਭਾਵ ਇਕ ਜੀਵਨ-ਵਿਹਾਰ ਨੂੰ ਪਿੱਠ ਕਰ ਦੂਜੇ ਨੂੰ ਮੁਖ਼ਾਤਬ ਹੋਣਾ ਹੈ । ਵੈਸੇ ਵੀ ਡਾਲਰੋ ਸ਼ਬਦ/ਵਸਤੂ ਵਿਅਕਤੀ ਨੂੰ ਆਪਣੇ ਅਨੁਸਾਰ ਜਿਊਣ ਲਈ ਉਕਸਾਉਂਦਾ ਹੈ।

ਲੇਖਕ ਜੋ ਲਿਖ ਰਿਹਾ ਹੈ ਕਲਪਿਤ ਨਹੀਂ। ਉਹ ਦੇਖੀ , ਸੁਣੀ, ਹੰਢਾਈ, ਪੜ੍ਹੀ ਦੇ ਆਧਾਰ ਉਪਰ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਦਾ ਹੈ। ਇਹ ਏਨੇ ਮੂੰਹਜ਼ੋਰ ਹਨ ਕਿ ਕੋਈ ਨਾ ਕੋਈ ਤੰਦ ਇਕ ਲੇਖ ਵਿਚੋਂ ਨਿਕਲ ਦੂਸਰੇ ਲੇਖ ਅੰਦਰ ਦਾਖ਼ਲ ਹੋ ਇਕਮਿਕ ਹੋ ਜਾਂਦੀ ਹੈ।

ਕਿਤਾਬ ਪੜ੍ਹਦਿਆਂ ਲਗਦਾ ਰਿਹਾ ਜਿਵੇਂ ਲੇਖਕ ਦੋ ਤਰ੍ਹਾਂ ਦੇ ਵਿਹਾਰਾਂ ਦਾ ਦ੍ਰਸ਼ਟਾ ਹੈ ਇਕ ਜੀਵਨ ਵਿਧੀ ਉਸ ਦੇ ਪਿੱਛੇ ਰਹਿ ਗਈ। ਉਸ ਵੇਲੇ ਉਹ ਆਪਣੇ ਮਾਪਿਆਂ ਸੰਗ ਸੀ ਜਿਨ੍ਹਾਂ ਨੇ ਇਕ ਮਨ ਇਕ ਚਿਤ ਨਾਲ ਖ਼ੁਦ ਨੂੰ ਜ਼ਮੀਨ ਨਾਲ ਜੋੜ ਮਿਹਨਤ ਕੀਤੀ। ਲੇਖਕ ਇਸ ਮਿਹਨਤ ਦਾ ਹਿੱਸਾ ਰਿਹਾ, ਪਰ ਹੌਲ਼ੀ-ਹੌਲ਼ੀ ਦੂਰ ਹੁੰਦਾ ਰਿਹਾ ਸਿੱਖਿਆ ਅਤੇ ਸ਼ਹਿਰ ਆ ਕੇ ਵਸ ਜਾਣ ਕਾਰਨ। ਸ਼ਹਿਰ ਆ ਉਹ ਆਪਣੇ ਪਰਿਵਾਰ ਦਾ ਮੁਖੀਆ ਬਣਦਾ ਹੈ। ਉਸ ਦੇ ਬੱਚੇ ਪਰਵਾਸ ਕਰ ਪੰਜਾਬ ਦਾ ਤਿਆਗ ਕਰ ਦੇਂਦੇ ਹਨ। ਅਜਿਹੇ ਵੇਰਵੇ ਸਾਂਝੇ ਕਰਦਿਆਂ ਉਹ ਨਿਜ ਅਤੇ ਪਰ ਵਿਚਾਲੇ ਭੇਦ ਨਹੀਂ ਕਰਦਾ। ਉਹ ਸਾਰਾ ਕੁਝ 'ਧਰਤ ਪੰਜਾਬ' ਨਾਲ ਜੋੜ ਕੇ ਆਪਣੀ ਗੱਲ ਕਰਦਾ ਹੈ। ਇਹ ਲੇਖਕ ਦੀ ਲੇਖਣੀ ਦਾ ਖ਼ੂਬਸੂਰਤ ਪੱਖ ਹੈ।

ਲੇਖ ਬਾਅਦ ਲੇਖ ਪੜ੍ਹਦਿਆਂ ਮਹਿਸੂਸ ਹੋਇਆ ਜਿਵੇਂ ਲੇਖਕ ਬੀਤ ਚੁੱਕੇ ਅਤੇ ਵਰਤਮਾਨ ਨੂੰ ਜੋੜਨ ਵਾਲੀ ਇਕਾਈ ਹੈ। ਇਸ 'ਇਕਾਈ' ਪਾਸ ਅਨੁਭਵੀ ਸਰਮਾਇਆ ਬਾਕੀ ਦੋਹਾਂ ਤੋਂ ਵੱਧ ਹੈ।

ਕੀ ਇਹ ਕਿਤਾਬ ਦੁਖੀ ਮਨ ਨਾਲ ਲਿਖੀ ਹੈ। ਇਉਂ ਕਹਿ ਸਕਦੇ ਹਾਂ। ਜਦ ਇਸਤਰੀ ਡਾਲਰ ਦੌੜ ਵਿਚ ਸ਼ਾਮਿਲ ਹੋ ਜਾਂਦੀ ਹੈ ਤਾਂ ਅਜਿਹੀਆਂ ਘਟਨਾਵਾਂ ਦੁੱਖ ਨੂੰ ਸੀਖਦੀਆਂ ਹਨ। ਦਰਮਿਆਨੀ ਪੜ੍ਹਾਈ ਉਪਰੰਤ ਆਈ ਲੈੱਟ ਵੱਲ ਦੌੜ, ਪਾਸ-ਫੇਲ੍ਹ ਦਾ ਗੇੜ, ਬਾਹਰ ਜਾਣਾ, ਉੱਥੇ ਜਾਣ ਬਾਅਦ ਦੀ ਖੱਜਲ-ਖੁਆਰੀ ਜਿਹੇ ਉਦਾਹਰਣ ਇਸ ਕਿਤਾਬ ਦੇ ਅੰਗ-ਅੰਸ਼ ਹਨ।

ਲੇਖਕ ਅਧਿਆਪਕੀ ਕਾਰਜ ਨਾਲ ਜੁੜਿਆ ਰਿਹਾ ਹੈ ਇਸ ਕਰਕੇ ਉਸਦਾ ਗਿਆਨ ਜਨ-ਸਾਧਾਰਣ ਤੋਂ ਕਿਤੇ ਵੱਧ ਹੈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਇਹ ਖੇਤਰ ਸਾਹਿਤ, ਸਮਾਜਿਕ, ਇਤਿਹਾਸਕ, ਧਾਰਮਿਕ, ਰਾਜਨੀਤਿਕ, ਭੂਗੋਲਿਕ, ਆਰਥਕ ਹੋ ਸਕਦੇ ਹਨ। ਇਹਨਾਂ ਲੇਖਾਂ ਵਿਚ ਇਹਨਾਂ ਦਾ ਦਖ਼ਲ ਥਾਂ-ਪਰ-ਥਾਂ ਮਿਲ ਜਾਂਦਾ ਹੈ। ਇਹ ਦਖ਼ਲ ਲਿਖੇ ਨੂੰ ਅਮੀਰੀ ਬਖ਼ਸ਼ਦਾ ਹੈ। ਭਾਂਤ-ਭਾਂਤ ਦੇ ਗਿਆਨ ਖੰਡ ਲਿਖੇ ਨੂੰ ਤਾਰਕਿਕ ਬਣਾਉਂਦੇ ਹਨ। ਪ੍ਰੋ. ਕੁਲਵੰਤ ਸਿੰਘ ਔਜਲਾ ਕਵੀ ਵੀ ਹੈ। ਏਸ ਸਦਕਾ ਉਹ ਨਿਰਾ ਤਾਰਕਿਕ ਜਾਂ ਨੀਰਸ ਨਹੀਂ ਬਲਕਿ ਕੋਮਲ ਤੇ ਭਾਵਪੂਰਨ ਹੈ। ਓਦਾਂ ਵੀ ਉਸ ਵਲੋਂ ਖ਼ੁਦ ਨੂੰ ਇਕ ਤੋਂ ਵੱਧ ਵਾਰ ਕਵੀ ਕਿਹਾ ਗਿਆ ਹੈ। ਇਹ ਸ੍ਵੈ-ਕਥਨ ਹੀ ਨਹੀਂ ਸ੍ਵੈ-ਪਛਾਣ ਵੀ ਹੈ। ਕਿਤਾਬ ਅੰਦਰ ਸਥਿਤੀ ਅਨੁਸਾਰ ਦਰਜ਼ ਕਾਵਿ-ਪੰਗਤੀਆਂ ਇਸ ਦੀ ਪੁਸ਼ਟੀ ਕਰਦੀਆਂ ਹਨ:

ਮੈਂ ਹਲ਼ ਵਾਹਕ ਬਾਪ ਦੀ ਔਲਾਦ ਹਾਂ
ਕਿਰਤ ਦੀ ਬੰਦਗੀ ਮੇਰਾ ਘਰਾਣਾ
ਅਣਪੜ੍ਹ ਬਾਪ ਨੇ ਸਿਖਾਇਆ ਮੈਨੂੰ
ਹਲ਼ ਵਾਂਙੂੰ ਕਲਮ ਚਲਾਣਾ
...
ਬਾਗ਼ ਸਾਂਝਾਂ ਤੇ ਸੁਰਾਂ ਦੇ ਰਹਿਣ ਸਦਾ ਹਰੇ-ਭਰੇ
ਕੋਈ ਕਰੇ ਅਲ੍ਹਾ-ਅਲ੍ਹਾ ਕੋਈ ਰੱਬ ਰੱਬ ਕਰੇ
ਪੀਰਾਂ ਪੈਗ਼ੰਬਰਾਂ ਦੇ ਬੋਲ ਪਾਉਣ ਗਲਵਕੜੀਆਂ
ਜੀਊਣ ਦੀ ਚਾਹਤ ਐ ਮੌਲ਼ਾ ਕਦੇ ਨਾ ਮਰੇ

ਪੰਜਾਬ ਨੂੰ ਪੰਜਾਬੀਆਂ/ਸਿੱਖ-ਵਿਹੂਣਾ ਕਰਨ ਵਿਚ ਨੇਤਾਵਾਂ ਅਤੇ ਉਹਨਾਂ ਦੀਆਂ ਮਾਰੂ ਨੀਤੀਆਂ ਦੀ ਗੱਲ ਲੇਖਕ ਨਿਝਕ ਕਰਦਾ ਹੈ। ਪੜ੍ਹਨਯੋਗ ਇਸ ਕਿਤਾਬ ਦੇ ਕੁੱਲ 143 ਵਰਕੇ ਹਨ ਜਿਸ ਨੂੰ **'ਸੁੰਦਰ ਬੁੱਕ ਡਿਪੋ'** (ਜਲੰਧਰ) ਵਲੋਂ ਛਾਪਿਆ ਗਿਆ ਹੈ।

**(ਮੋ. 98990 91186)**

**ਜ਼ਰੂਰੀ ਸੂਚਨਾ**
ਮੈਗਜ਼ੀਨ ਮਿਲਣ ਤੇ ਮੋਬਾਈਲ ਨੰਬਰ 9855640630
ਤੇ ਜ਼ਰੂਰ ਸੂਚਿਤ ਕਰੋ ਜੀ।

# DOES LIFE'S JOURNEY LEAD TO ANY CONCLUSION?

**By Jagdip Singh**
**Hony. Consul General of South Korea**
**Chairman Sigma Group of Companies**

At this stage of my life when I feel that I have seen almost the entire life, with its various facets, ups and downs, everyday challenges, successes and failures, goods and bads, big and small, rich and poor, sick and healthy, I have reached a conclusion that there is absolutely no real conclusion one can make, as to me, any conclusion based on such varied experiences, will still be a myth rather than an unchallengeable truth setting a benchmark for others.

I have observed, as a regular pattern, that like the tides in a rough sea, things come on their own, stay for some time with you and then slowly go back. They leave their impact on us humans temporarily which we later call as our experiences whether good or bad. It is again human nature that one rarely learns from such experiences and history is replete with examples that despite having experienced some occurrences causing unimaginable destruction, we create the same situation which had brought sufferings and destitute to the mankind so many times in the past.

Another stark truth is that through materialism or in other words our means in terms of wealth, we may have a feeling of pleasure and worldly comforts, but to me, these do not bring eternal peace and tranquility and as such real happiness and content, which are the essence of life and existence in this mortal world. Instead of chasing the real happiness, we become part of a rat race to get more and more.

Another harsh reality and contrast of life is that as humans if our efforts bring us positive results, we feel elated of having done it and consequently proud of our achievement and expect the world to give us recognition for such successes and making us worthy of respect and a higher status but, contrarily, if we fail, we immediately start blaming the God or our Karmas. So, while success is attributed to our skills and ability, for failures we blame the unknown.

All the above leads me to believe that human beings simply carry on as their destiny leads them on and there is no conclusion, whatsoever in real sense as the ultimate result of their journeys. Thus, we human beings, simply enter unknown in this world and after an ephemeral stay go back to unknown leaving nothing behind, not even a Zero.

**M. 98100 22962**

# राग सुघरई

**प्रो. गुरबक्श सिंह**

कानड़े का प्रकार सुघरई काफी ठाठ का राग है जिस के आरोह में धैवत वर्जित है। इसमें गंधार कोमल, दोनों निषाद और शेष स्वर शुद्ध हैं। कुछ संगीतकार धैवत स्वर अवरोह में भी प्रयोग नहीं करते। इस दिन के दूसरे प्रहर में गाए जाने वाले राग में पंचम वादी और षड़ज संवादी है। उत्तरांग में इसका रूप लगभग सारंग का है केवल कानड़ा अंग स्पष्ट करने के लिए आरोह में कोमल निषाद पर पंचम का कण लगाया जाता है। अवरोह करते समय गंधार वक्र रूप में लिया जाता है और इस पर मध्यम का कण कानड़ा अंग को और ज्वलित करता है। इसी तरह अवरोह में ऋषभ पर षड़ज का कण लगाया जाता है।

**आरोह :** सा रे [म]ग म नि प, नि सां

**अवरोह :** सां, [प]नि प ग म [सा]रे सा

**मुख्य अंग :** नि नि प म रे सा रे [सा]ग-म नि प

**चलन :** नि़ सा, नि़ सा रे नि़-सा, नि़ सा नि़ प़, [प]नि़ प़ नि़ सा, सा, नि़ सा रे [म]ग-म [सा]रे-सा, नि़ सा रे म, [रे]म प, म प [म]ग-म [सा]रे-सा, नि़ सा रे म प नि प, [रे]म प नि प सां, नि नि प म रे सा रे [म]ग म [सा]रे-सा, रे [सा]नि़ सा रे [म]ग [म]ग म [प]नि प, म प नि सां, प नि सां रें सां, सां [प]नि प ग म नि प [म]ग म [म]रे-सा, म प नि सां, नि प म प ग म प सां, प नि सां रें सां, [मं]गं [मं]गं मं रें सां, नि सां रें सां नि नि प म रे सा रे [म]ग म [सा]रे-सा।

**सूहा सुघरई :** सुघरई में एक स्वर समूह नि़ सा [म]ग [म]ग म, प म ग म, कभी कभी दिखाकर गुणी जन इसे सूहा सुघरई का नाम दे देते हैं।

## सुघरई (एकताल)

*जपि गोबिंदु गोपाल लालु ॥*
*राम नाम सिमरि तू जीवहि फिरि न खाई महा कालु ॥१॥ रहाउ ॥*
*कोटि जनम भ्रमि भ्रमि भ्रमि आइओ ॥ बडै भागि साधसंगु पाइओ ॥१॥*
*बिनु गुर पूरे नाही उधारु ॥ बाबा नानकु आखै एहु बीचारु ॥२॥*
*( रामकली महला ५ ) अंग ८८५*

## स्थाई

| | | | | | | | | | | | |
|---|---|---|---|---|---|---|---|---|---|---|---|
| नि | पम | प | सां | निप | मप | (म)ग | (म)ग | (ग)म | (सा)रे | – | सा |
| ज | पऽ | गो | बिं | दऽ | गोऽ | पा | ऽ | ल | ला | ऽ | ल |
| नि़ | – | सा | रे | म | म | प | प | प | नि | म | प |
| रा | ऽ | म | ना | ऽ | म | सि | म | र | तू | जी | वहि |
| नि– | पम | प | (म)ग | म | प | (म)ग | (म)ग | गम | (सा)रे | – | सा |
| फिऽ | रऽ | न | खा | ऽ | ई | म | हा | ऽऽ | का | ऽ | ल |
| x | | ० | | २ | | ० | | ३ | | ४ | |

## अंतरा

| | | | | | | | | | | | |
|---|---|---|---|---|---|---|---|---|---|---|---|
| म | म | प | निनि | पप | नि– | सांसां | रें– | गंमं | रेंसां | सां | – |
| को | ट | ज | नम | भ्रम | ऽऽ | भ्रम | ऽऽ | भ्रम | आइ | ओ | ऽ |
| सां | नि– | सां | नि | पम | प | (म)ग | (म)ग | गम | रेरे | सा | – |
| व | डेऽ | ऽ | भा | गऽ | सा | ऽ | ध | संग | पाइ | ओ | ऽ |
| नि़ | नि़ | सा | रे | म | प | पनि | सांरें | निसां | नि– | पम | प |
| फि | र | न | खा | ई | ऽ | मऽ | ऽऽ | हाऽ | काऽ | ऽऽ | ल |
| x | | ० | | २ | | ० | | ३ | | ४ | |

e-mail: gurbuxsingh@gmail.com

ALP AEROFLEX

# AEROFLEX®

## The Ideal EPDM Thermal Insulation for HVAC & R



- Closed cell elastomeric foam
- Temp. range: -70˚C to 150˚C
- Excellent Fire resistance
- Least Smoke Density & Toxicity
- Non-polar
- CFC/ HCFC free
- Low thermal conductivity
- Anti-microbial
- Non-corrosive

**AEROFLEX EPDM Closed cell structure elastomeric foam**

Being halogen-free makes Aeroflex EPDM the most suitable choice of insulation for all types of projects as it has the least smoke density and toxicity with excellent fire resistance properties. With its anti-microbial and nonpolar properties, it ensures no moisture ingress or microbial contamination. EPDM is extremely durable and flexible in nature and has the widest working range of temperature, which makes it the most suitable choice of insulation for all HVAC & R applications. Not only is it CFC, HCFC, dust & nitrosamine free, but also eco-friendly by nature.

UL · ASTM · RoHS · FDA · DIN · IMO INTERNATIONAL MARITIME ORGANIZATION

+91-124-4731500 · marketing@alpaeroflex.com · www.alpaeroflex.com